੧ ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਏ ॥

ਨਾਮਧਾਰੀ-ਨਿਤਨੇਮ

ਭੂਮਿਕਾ

੧੯੯੬ - 1940



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal.singh.chana

੧ ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਏ ॥

ਨਾਮਧਾਰੀ-ਨਿਤਨੇਮ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
ਮਹਾਰਾਜ ਜੀ ਦੇ ਆਗਮਨ ਦੀ
ਖੁਸ਼ੀ ਵਿਚ ਨਾਮੰਧਾਰੀ
ਨੌਜਵਾਨ ਜਥਾ ਸਿਆਮ
ਵਲੋਂ ਸੰਗਤ ਦੀ
ਭੇਟਾ ਕੀਤਾ
ਗਿਆ

"ਮਨੋਹਰ ਪ੍ਰਿੰਟਿੰਗ ਪ੍ਰੈਸ" ਬਾਜ਼ਾਰ
ਮਾਈ ਸੇਵਾਂ ਅੰਮ੍ਰਿਤਸਰ ਵਿਚ
ਮੁ: ਸੁਖਾ ਸਿੰਘ ਪ੍ਰਿੰਟਰ ਦੇ
ਯਤਨ ਨਾਲ ਛਪਿਆ ॥

੧ ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭੂਮਕਾ

੧

ਦੁਨੀਆਂ ਉਤੇ ਜਦੋਂ ਜਦੋਂ ਵੀ ਅਧਰਮ ਫੈਲ ਦਾ, ਪਾਪਪ੍ਰਵਿਤਰ ਹੁੰਦਾ, ਅਤਿਆਚਾਰਵਧਦੇ ਗ੍ਰੀਬ ਦੁਖਾਏ ਜਾਂਦੇ, ਸਾਧੂ ਸਤਾਏ ਜਾਂਦੇ, ਤੇ ਜ਼ਾਲਮਜਰਵਾਣੇ ਮਨਭਾਂਉਦੇ ਅਤਿਆਚਾਰ ਕਰਦੇ ਹਨ, ਓਦੋਂ ਓਦੋਂ, ਈਸ੍ਰੂਰ ਅੰਤ੍ਰਯਾਮੀ ਅਕਾਲ ਪੁਰਖ, ਉਹਨਾਂ ਅਨਾਥਾਂ ਦੀ ਰਖਿਆ ਲਈ ਅਤੇ ਮਾਨਮਤੇ ਜਾਬਰ ਅਹੰਕਾਰੀਆਂਦਾ ਗਰਬ ਨਿਵਾਰਨ ਕਰਨ ਲਈ ਮਨੁਖ ਜਾਮੇ ਵਿਚ ਆਉਂਦਾ ਹੈ।

ਹਾਂ, ਜਦੋਂ ਜਦੋਂ ਵੀ ਖਾਲਿਕ ਦੁਖੀ ਹੋਕੇਤੜ-ਫੜਾਂਦੀ ਹੈ, ਓਦੋਂ ਓਦੋਂ ਹੀ ਖਾਲਿਕ ਕੋਪਦਾ ਹੈ ਅਤੇ 'ਜੁਗ ਜੁਗ ਮੈਂ ਹਮ ਅਵਤਰੈਂ ਅਪਨੇ ਭਗਤਨ ਕਾਜ' ਆਦਿ ਬਚਨਾਂ ਦੀ ਪਾਲਨਾ ਕਰਦਾ ਹੋਇਆ ਮਾਤ ਲੋਕ ਵਿਚ ਆਉਂਦਾ ਹੈ। ਸ੍ਰੀ ਗੁਰੂ ਜੀ ਨੇ ਗੁਰੂ ਬਾਣੀ ਵਿਚ ਅਵ-

ਤਾਰ ਵਾਦਦੇਇਸਸਿਧਾਂਤਨੂੰਐਉਂ ਮੰਨਣਕੀਤਾ

'ਹਰਿ ਜੁਗੁ ਜੁਗੁ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ।'

'ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨਭਾਇਓ। ਤ੍ਰੇਤੈ ਤੈ ਮਾਣਿਓ ਰਾਮ ਰਘੁ ਵੰਸ ਕਹਾਇਓ।ਦੁਆਪੁਰਿਕ੍ਰਿਸਨਮੁਰਾਰਿਕੰਸੁ ਕ੍ਰਿਤਾਰਥ ਕੀਓ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥ ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥ ਸ੍ਰੀਗੁਰੂਰਾਜੁਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥'

੨

ਅਜ ਤੋਂ ਕੋਈ ਸਾਢੇ ਚਾਰਸੌ ਸਾਲ ਪਹਿਲੇ ਜਦੋਂ ਅਸੀਂ ਭਾਰਤਦੇਇਤਿਹਾਸਵਲਨਿਗਾਹ ਮਾਰਦੇ ਹਾਂ, ਤਾਂ ਸਾਡੇ ਲੂੰ ਕੰਡੇ ਹੋ ਜਾਂਦੇਹਨ। ਉਹਨੀ ਦਿਨੀਂ ਇਸ ਭਾਰਤ ਭੂਮੀ ਵੀਰ ਜਨਨੀ ਦੀ ਡਾਢੀ ਦੁਰਦਸ਼ਾ ਹੋ ਰਹੀ ਸੀ। ਯਵਨ ਰਾਜ ਜੋਰਾਂ ਤੇ ਸੀ, ਹਿੰਦੂ ਸਤਾਏਜਾਂਦੇ ਤੇ ਥਾਂ ਥਾਂ ਦੁਖਾਏ ਜਾਂਦੇ ਸਨ। ਉਨਾਂ ਦੀਆਂ ਬਹੂ ਬੇਟੀਆਂ ਯਵਨ ਦਿਨ ਦੀਵੀਂ ਖੋਹ ਲੈਂਦੇ

ਸਨ। ਯਵਨਾਂਦੇ ਨਿਤ ਦਿਹਾੜੇਦੇ ਹਮਲਿਆਂ ਨਾਲ ਸੋਨੇਦੀ ਚਿੜੀ ਭਾਰਤ,ਅੰਨ, ਜਨ ਧਨ ਪੂਰਤ ਭਾਰਤ ਦੀਨਾ ਦੀਨ ਪ੍ਰਾਧੀਨ ਹੋਈ, ਅਪਨੀ ਸੁਖ ਸੰਪਤਾ ਤੇ ਗੌਰਵ, ਲੁਟਾਕੇ ਵਿਦੇਸੀਆਂਦੀ ਲਿਤਾੜੀ ਕਰਮਾਂ ਨੂੰ ਰੋ ਰਹੀ ਸੀ। ਵਿਚਾਰੀ ਨੂੰ ਇਕ ਦਿਨ ਵੀ ਅਰਾਮ ਤੇ ਚੈਨ ਦਾ ਨਹੀਂ ਸੀ ਗੁਜ਼ਰਦਾ। ਕਦੀਬਾਬਰ ਚੜ੍ਹਆਉਂਦਾਸੀ,ਕਦੀ ਤੈਮੂਰ ਲੁਟ ਮਾਰ ਆ ਮਚਾਉਂਦਾਸੀ, ਕਦੀ ਨਾਦਰਸ਼ਾਹ ਆ ਕੜ-ਕਦਾ ਸੀ ਤੇਕਦੀ ਅਬਦਾਲੀ ਪਾਪਲੀਵਰਤਾ ਕੇ ਹੂੰਝਾ ਫੇਰ ਜਾਂਦਾ ਸੀ। ਇਕ ਦਿਨ ਵੀ ਅਜੇਹਾ ਨਹੀਂ ਸੀ ਗੁਜ਼ਰਦਾ, ਜਦੋਂ ਲੋਕੀਂ ਸੁਖ ਦਾ ਸਾਹ ਲੈ ਸਕਣ। ਸੁਖ ਤੇ ਕਿਧਰੇ ਰਿਹਾ ਪੰਜਾਬ ਦੇ ਲੋਕਾਂ ਵਿਚ ਏਹ ਕਹਾਵਤ ਪ੍ਰਚਲਤ ਹੋ ਗਈ ਸੀ ਅਤੇ ਹੈਸੀ ਵੀ ਅਸਲੋਂ ਹੀ ਸਚ ਤੇ ਠੀਕ ਕਿ—

"ਖਾਧਾ ਪੀਤਾ ਲਾਹੇ ਦਾ ਤੇ
ਰਹਿੰਦਾ ਅਹਿਮਦ ਸ਼ਾਹੇ ਦਾ"

ਉਸ ਸਮੇਂ ਦਾ ਚਿਤ੍ਰ, ਪਰਮ ਪੂਜ਼ਜ਼ ਮਹਾਂ

ਕਵੀ ਸ੍ਰੀ ਭਾਈ ਸੰਤੋਖ ਸਿੰਘ ਜੀ ਆਪਣੇ ਰਚਿਤ ਪੁਸਤਕ ਨਾਨਕ ਪ੍ਰਕਾਸ਼ ਵਿੱਚ ਇਉਂ ਚਿੱਤ੍ਰਤ ਕਰਦੇ ਹਨ:—

ਸੱਯਦ ਸ਼ੇਖ ਮੁਗਲ ਪਠਾਨ,
ਜ਼ਾਲਮ ਭਏ ਜਬੀ ਬਲਵਾਨ।
ਹਿੰਦਨ ਕੋ ਦੁਖ ਦਯੋ ਮਹਾਂਏ,
ਦੇਵਨ ਕੇ ਮੰਦਰ ਗਿਰਵਾਏ।
ਘੋਰ ਨਾਥ ਸੇ ਔਘੜ ਸਾਧੂ,
ਪੰਡਿਤ ਦਤ ਸੇ ਸੁਮਤਿ ਅਗਾਧੂ।
ਮਰਵਾ ਚੀਲਾਂ ਕੋ ਖੁਲਵਾਏ,
ਕੇਚਿਤ ਮੇਖੈ ਠੋਕ ਸੁਕਾਏ।
ਕੇਚਿਤ ਕੱਚੇ ਚੰਮ ਮੜ੍ਹਾਏ,
ਕੇਚਿਤ ਕੁਤਿਓਂ ਸੇ ਤੁੜਵਾਏ।
ਤੁਰਕ ਹੋਵਨਾ ਜਿਨੈ ਨ ਮਾਨਿਓ,
ਤਿਨ ਤਿਨਕੋ ਅਤਿਦੈ ਦੁਖ ਹਾਨਿਓ।
ਯਗ ਹਵਨ ਕੋਈ ਕਰਨ ਨ ਪਾਏ,
ਕਰੇ ਜੋਤਹਿ ਦੁਖ ਦੇਤ ਮਹਾਏ।
ਸੁੰਦਰ ਪਿਖੈਂ ਜਾਹ ਕੀ ਤਰੁਨੀ,
ਪਕੜ ਕਰੈਂ ਬਲਸੋਂ ਨਿਜਘਰਨੀ।
ਕ਼ਾਜ਼ੀ ਰਿਸ਼ਵਤ ਲੈ ਕਰ ਸਾਰੇ,

ਸਾਚੇ ਕੋ ਝੂਠਾ ਕਰ ਡਾਰੇ।

ਆਹ ! ਇਨਸਾਫ ਦੀ ਵਾਜ ਉਹਨਾਂ ਲੋਕਾਂ ਦੇ ਹਥਾਂ ਵਿੱਚ ਹੁੰਦੀ ਸੀ, ਜੋ ਇਨਸਾਫ ਦੇ ਨੇੜੇ ਤੀਕ ਢੁਕਣ ਦਾ ਨਾਉਂ ਨਹੀਂ ਲੈਂਦੇ ਸਨ ਤੇ ਜਿਨ੍ਹਾਂ ਸਬੰਧੀ ਪੂਜਯ ਭਾਈ ਗੁਰਦਾਸ ਜੀ ਨੇ ਇਹ ਰਾਇ ਦਿੱਤੀ ਹੈ:-'ਕਾਜੀ ਹੋਏ ਰਿਸ਼ਵਤੀ ਵੱਢੀ ਲੈਕੇ ਹੱਕ ਗੁਵਾਈ।'

ਸਿੰਧ ਦੇ ਇਤਹਾਸ ਵਿਚ ਲਿਖਿਆ ਹੈ ਕਿ ਸਿੰਧ ਦੇ ਅਮੀਰ ਨੇ ਆਪਣੇ ਇੱਕ ਅਦਾਲਤੀ ਕਾਜ਼ੀ ਨੂੰ ਪੁਛਿਆ ਕਿ ਲੋਕੀਂ ਆਪ ਉਤੇ ਸ਼ਿਕੈਤ ਕਰਦੇ ਹਨ ਕਿ ਆਪ ਵੱਢੀ ਖਾਂਦੇ ਹੋ। ਅਗੋਂ ਕਾਜ਼ੀ ਸਾਹਿਬ ਨੇ ਜਵਾਬ ਦਿੱਤਾ ਕਿ ਹਜ਼ੂਰ ਮੈਨੂੰ ਮੁਦੱਈ ਤੇ ਮੁਦਾਲੈਹ ਕੋਲੋਂ ਕੀ ਕੁਝ ਮਿਲਦਾ ਹੈ, ਪਰ ਇਸ ਗਲ ਦਾ ਬਹੁਤ ਅਫਸੋਸ ਹੈ ਕਿ ਗੁਆਹ ਮੇਰੇ ਹੱਥੋਂ ਸੁਕੇ ਹੀ ਨਿਕਲ ਜਾਂਦੇ ਹਨ।

ਇਸ ਤਰ੍ਹਾਂ ਦੀ ਹਾਲਤ ਜਦੋਂ ਦੁਨੀਆਂ ਦੀ ਹੋਈ ਤਾਂ ਦੁਖੀ ਹੋਈ ਭੂਮੀ ਅਕਾਲ ਪੁਰਖ ਅੰਤ੍ਰਯਾਮੀ ਦੇ ਚਰਨਾਂ ਵਿਚ ਪ੍ਰਾਰਥਕ ਹੋਈ:-

ਬਾਝਹੁ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।

ਵਰਤਿਆ ਪਾਪ ਜਗਤ ਤੇ ਧਉਲਉਡੀਨਾ ਨਿਸਦਿਨ ਰੋਆ।ਬਾਝ ਦਯਾ ਬਲ ਹੀਨ ਹੋਇ ਨਿਘਰ ਚਲਿਆ ਰਸਾਤਲ ਟੋਆ। ਖੜਾ ਇਕਤੇ ਪੈਰ ਤੇ ਪਾਪ ਸੰਗ ਬਹੁ ਭਾਰਾ ਹੋਆ। ਥੰਮੈ ਕੋਇ ਨਾ ਸਾਧ ਬਿਨ ਸਾਧ ਨਾ ਦਿਸੈ ਜਗ ਵਿੱਚ ਕੋਆ।ਧਰਮੁ ਧਉਲ ਪੁਕਾਰੈਤਲੈ ਖੜੋਆ। ਭਈਅਧਿਕ ਜਬਐਸਵਿਰਾਮੀ। ਤਬਵਿਚਾਰ ਈਸਰ ਜਗਸੁਆਮੀ। ਪਾਲਨ ਹੇਤ ਸਨਾਤਨ ਨੇਤੈ। ਵੈਦਕ ਧਰਮ ਰਖਨ ਕੇ ਹੇਤੈ।ਆਪ ਪ੍ਰਭੂ ਗੁਰੂਨਾਨਕ ਰੂਪ।ਪ੍ਰਗਟ ਭਏ ਜਗ ਮੈਂ ਸੁਖ ਭੂਪੰ।(ਨਾਨਕਪ੍ਰਕਾਸ਼)

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਧਰਨੀ ਦੀ ਪੁਕਾਰ ਸੁਣਕੇ।

ਜਬ ਹੋਤ ਅਰਿਸਟ ਅਪਾਰਾ। ਤਬ ਤਬ ਦੇਹ ਧਰਤ ਅਵਤਾਰਾ।' ਤਥਾ ਧਰਮ ਚਲਾਵਨ ਸੰਤਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ''।

ਅਨੁਸਾਰ ਅਵਤਾਰ ਧਾਰਨ ਕੀਤਾ।ਸਤਿਗੁਰ ਜੀ ਨੇ ਉਸ ਸਮੇਂ ਨੂੰਆਪਣੀਸ੍ਰੈਰਚਨਾਂਦਵਾਰ ਇਉਂ ਕਲਮ ਬੰਦ ਕੀਤਾ ਹੈ:–

'ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।ਕੂੜ ਅਮਾਵਸੁ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ ਹਉ ਭਾਲਿ ਵਿਕੁੰਨੀ ਹੋਈ॥ਆਧੇਰੈ ਰਾਹੁ ਨ ਕੋਈ॥ ਵਿਚ ਹਉਮੈ ਕਰ ਦੁਖ ਰੋਈ॥ਕਹੁਨਾਨਕ

ਕਿਨਿਬਿਧਗਤਿਹੋਈ। (ਭਾਈਗੁ:ਦਾਸਜੀਵ੍ਹਮਾਂਦੇਹਨ)
ਬਾਬਾ ਆਖੇ ਨਾਥ ਜੀ ਸਚ ਚੰਦ੍ਰਮਾਂ ਕੂੜ ਅੰਧਾਰਾ ॥
ਕੂੜ ਅਮਾ ਵਸ ਵਰਤਿਆ ਹਉਂ ਭਾਲਣ ਚੜ੍ਹਿਆ
ਸੰਸਾਰਾ। ਪਾਪ ਗਿਰਾਸੀ ਪ੍ਰਿਥਮੀ ਧਉਲਖੜਾਧਰ
ਹੇਠ ਪੁਕਾਰਾ। ਬਾਝ ਗੁਰੂ ਡੁਬਾ ਜਗਸਾਰਾ ॥
'ਕਲ ਹੋਈ ਕੁਤੇ ਮੁਹੀ ਖਾਜ ਹੋਯਾ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।

ਜਦੋਂ ਆਪ ਜੀ ਨੇ ਇਉਂ ਦੁਨੀਆਂ ਦੀ ਵੇਦਨ ਨੂੰ ਅਨੁਭਵ ਕੀਤਾ ਤਾਂ ਘਰ ਬਾਰਛਡ, ਬਾਬਾ ਕਾਲੂ ਤੇ ਮਾਤਾ ਤ੍ਰਿਪਤਾ ਜੀ ਦੀਆਂ ਦੁਨੀਆਵੀ ਆਸਾਂ ਉਮੈਦਾਂ ਤੇ ਪਾਣੀ ਫੇਰਕੇ ਆਪ ਘਰੋਂ ਨਿਕਲ ਟੁਰੇ ਤੇ ਏਮਨਾ ਬਾਦ, ਭਾਈ ਲਾਲੋ ਗ੍ਰੀਬ ਕਿਰਤੀਦੇਘਰ,ਜਾਕੇਉਗ੍ਰ ਤਪ ਕੀਤਾ। ਯਥਾ:—

ਰੇਤ ਅਕ ਅਹਾਰ ਕਰ ਰੋੜਾਂਦੀ ਗੁਰ ਕਰੀ ਵਿਛਾਈ
ਭਾਰੀਕਰੀਤਪਸਿਆ,ਵਡੇ ਭਾਗਹਰਿਸਿਉਬਣਆਈ।

ਜਦ ਆਪ ਜੀ ਨੇ ਅੰਤ੍ਰ ਧਿਆਨਹੋਕੇਸ੍ਰਿ-ਸਟੀ ਵਲ ਨਿਗਾਹ ਮਾਰੀ ਤਾਂ ਆਪਜੀਪਾਸੋਂ ਭਾਰਤ ਦਾਆਰਤ-ਨਾਦਸੁਣਿਆ ਨਗਿਆ:—

ਬਾਬਾ ਦੇਖੇ ਧਿਆਨ ਧਰ,
ਜਲਦੀ ਸਭ ਪ੍ਰਿਥਵੀ ਦਿਸਆਈ ॥

ਬਾਝਹੁ ਗੁਰੂ ਗੁਬਾਰ ਹੈ,
ਹੈ ਹੈ ਕਰਦੀ ਸੁਣੀ ਲੁਕਾਈ ॥
ਦਾਵਾ ਅਗਿਨ ਬਹੁਤ ਤ੍ਰਿਣ ਜਾਲੇ,
ਕੋਈ ਹਰਿਆ ਬੂਟ ਰਹਿਓਰੀ ॥

ਆਪ ਜੀ ਦਾ ਗ੍ਰੀਬ ਨਿਵਾਜ ਦਿਲ ਏਹ ਦੁਖੜੇ ਸਹਾਰ ਨ ਸਕਿਆ ਤੇ ਝਟ ਪਟਅੰਤਰ ਧਿਆਨ ਹੋ ਕੇ ਬੇਨਤੀ ਵਿਚ ਜੁੜ ਗਿਆ:— "ਹੇ ਪਤਿਤ ਪਾਵਨ ਨਾਥ! ਬਖਸ਼ ਲੈ, ਰਖ ਲੈ, ਬਚਾ ਲੈ, ਪਾਰ ਲਾ ਲੈ ਹੇ ਸਾਂਈ:—

ਜਗਤ ਜਲੰਦਾ ਰਖ ਲੈ ਆਪਣੀ ਕਿਰਪਾ ਧਾਰ ॥
ਜਿਤ ਦੁਆਰੈ ਉਬਰੈ ਤਿਤੈ ਲੈਹੁ ਉਬਾਰ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁੜ ਧਰਮ ਪ੍ਰਚਾਰ ਕਰਨਾ ਅਰੰਭ ਕੀਤਾ ਅਤੇ ਲੋਕਾਂ ਨੂੰ ਦਯਾ, ਧਰਮ, ਸਤਿ, ਸੰਤੋਖ, ਯਗ, ਹਵਨ ਆਦਿ ਸ੍ਰੇਸ਼ਟ ਗੁਣਾਂ ਵਿਚ ਪ੍ਰਵਿਰਤ ਕੀਤਾ ਅਤੇ **"ਸਿੱਖ ਪੰਥ"** ਰੂਪ ਮਨੋਹਰ ਬ੍ਰਿਛ ਦੀ ਜੜ੍ਹ ਲਾਈ। ਆਪ ਜੀ ਦੇ ਪਿਛੋਂ ੯ ਗੁਰੂਆਂ ਨੇ ਇਸ ਪੌਦੇ ਨੂੰ ਇਸੇ ਸ਼ਕਲ ਵਿਚ ਕਾਇਮ ਰਖਣ ਲਈ ਬੜੇ ਬੜੇ ਯਤਨ ਕੀਤੇ ਅਤੇ ਇਸ ਦੀਆਂ ਜੜ੍ਹਾਂ ਵਿਚ ਆਪਣੀ ਸ਼ਾਹ ਰਗ ਦਾ ਖੂੰਨ

ਪਾਕੇ ਇਸ ਨੂੰ ਸਿੰਚਿਆ। ਤਿਲਕ ਜੰਞੂ ਅਤੇ ਵੈਦਿਕ ਧਰਮ ਦੀ ਰਖਿਆ ਲਈ, ਸ੍ਰੀ ਗੁਰੂ ਤੇਗ ਬਹਾਦਰ ਧਰਮ ਹਿੰਦ ਦੀ ਚਾਦਰ ਨੇ, ਦਿੱਲੀ ਵਿਚ ਜਾਕੇ ਸੀਸ ਦਿੱਤਾ:-

ਯਥਾ–ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨਾ ਬਡੋ ਕਲੂ ਮਹਿ ਸਾਕਾ।
ਧਰਮ ਹੇਤ ਸਾਕਾ ਜਿਨਿ ਕੀਆ।
ਸੀਸ ਦੀਆ ਪਰ ਸਿਰਰ ਨਾ ਦੀਆ।
ਸਾਧਨ ਹੇਤ ਇਤੀ ਜਿਨ ਕਰੀ।
ਸੀਸ ਦੀਆ ਪਰ ਸੀ ਨ ਉਚਰੀ।

(ਸ੍ਰੀ ਦਸਮ ਗ੍ਰੰਥ)

ਪੰਥ ਦੀ ਵਾਗ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸੋਢੀ ਸੁਲਤਾਨ ਨੇ ਸੰਭਾਲੀ। ਆਪ ਜੀ ਦੀ ਧਰਮ ਹਿਤਕਾਰਨੀ ਮਹਾ ਪ੍ਰਉਪਕਾਰਨੀ ਪਾਵਨ ਤ੍ਰਿਕਾਲਗਯ ਤੇ ਸਰਬਗਯ ਦ੍ਰਿਸ਼ਟੀ ਨੇ ਏਹ ਅਨੁਭਵ ਕੀਤਾ ਕਿ ਜੋ ਭਾਰਤ ਦੀ ਅਜੇਹੀ ਹਾਲਤ ਰਹੀ, ਤਾਂ ਉਹ ਦਿਨ ਦੂਰ ਨਹੀਂ, ਜਦੋਂ ਯਵਨ ਇਸਨੂੰ ਅਸਲੋਂਹੀ ਬਰਬਾਦ ਕਰ ਦੇਣਗੇ। ਹਿੰਦੂ ਕੌਮ ਬਿਲਕੁਲਹੀ [illegible]

ਉੱਕੀ ਹੀ ਨਸ਼ਟ ਹੋ ਚੁਕੀਏ। ਸ੍ਵੈ ਅਭਿਮਾਨ ਸ੍ਵੈ ਸਤਿਕਾਰ, ਨਿਜ ਗੌਰਵ ਖੋ ਬੈਠੀਏ।ਇਸ ਦੇ ਧਰਮਮੰਦਰ ਮਿਟੀਵਿਚ ਮਿਲਾ ਦਿਤੇਗਏ ਹਨ,ਇਸਦੀਆਂ ਬਹੂਬੇਟੀਆਂਦੀ ਬੇਇਜ਼ਤੀ ਹੋ ਰਹੀਏ, ਭਾਰਤ ਦੇ ਲਾਲ ਤੇ ਕੌਮ ਦੇ ਨੌ ਨਿਹਾਲ ਬੱਚੇ ਗਜ਼ਨੀ ਦੇ ਬਾਜ਼ਾਰਾਂਵਿਚ ਟਕੇ ਟਕੇ ਤੋਂ ਬਿਕ ਰਹੇ ਹਨ। ਪਰ ਆਹ! ਏਹ ਸਭ ਕੁਝ ਇਸ ਹਿੰਦੂਜਾਤੀ ਦੇ ਸੌਹੇਂ ਹੋਰਿਹਾ ਹੈ,ਫਿਰ ਵੀ ਕੀ ਮਜਾਲ ਜੋ ਇਸਦੇਦਿਲਵਿਚ ਰਤੀ ਭੀ ਮਲਾਲ ਪੈਦਾਹੋਵੇ। ਇਸਦੇ ਕੰਨ ਤੇ ਜੂੰ ਤਕ ਨਹੀਂ ਸਰਕਦੀ,ਕਈ ਉਫ ਤਕਨਹੀਂ ਕਰਦਾ। ਇਸਤੋਂ ਹੋਰਕੀ ਆਸ ਹੋਸਕਦੀਏ ਪਰ ਇਸ ਦਾ ਬਚਾ ਕਰਨਾ ਵੀ ਜ਼ਰੂਰੀ ਹੈ।

ਇਹੈਕਾਜਧਰਾਹਮਜਨਮੰ। ਸਮਝਲੇਹੁਸਾਧੂਸਭਮਨਮੰ।

ਸਤਿਗੁਰਜੀਨੇ ਇਸਤਰਾਂ ਢੇਰ ਚਿਰਦੀ ਸੋਚ ਅਤੇ ਵਿਚਾਰ ਮਗਰੋਂ ਭਾਰਤ ਦੀ ਅਤੇ ਹਿੰਦੂ ਜਾਤੀ ਦੀ ਦਸ਼ਾ ਦਾ ਚੰਗੀ ਤਰਾਂ ਅਨੁਭਵ ਕਰਕੇ ਧਰਮ ਮਰਯਾਦਾ ਦੇ ਸਥਾਪਨ ਕਰਨ ਲਈ, ਜਿਸ ਬ੍ਰਿਛ ਦੀ ਜੜ੍ਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਾਈਸੀ ਉਸਨੂੰ ਪ੍ਰਿਉਂ ਦਰਖਤ ਕੇ

ਅਗੇ ਨਾਲੋਂ ਵਧੀਕ ਸੁਹਾਵਣਾ ਹਰਾ ਭਰਾ ਤੇ ਹਰ ਮਨ ਪਿਆਰਾ ਬਨਾਉਣ ਲਈ ਬਹੁਤ ਚਿਰ ਨੈਣਾ ਦੇਵੀ ਦੀ ਪਹਾੜੀ ਉਤੇ ਯਗ, ਹਵਨ ਆਦਿ ਉਗ੍ਰ ਤਪ ਕੀਤਾ ਤੇ ਸੰਮਤ੧੭੫੬ ਬਿਕ੍ਰਮੀਨੂੰ ਅੰਮ੍ਰਿਤ ਛਕਾਕੇ, ਚਾਰ ਵਰਨ ਦੇ ਇਕੋ ਭਾਈ ਬਣਾਕੇ ਚਾਰਵਰਨੀ ਹਿੰਦੂਆਂ ਨੂੰ ਕੌਮੀਅਤ ਦੇ ਅਜੇਹੇ ਪਿਆਰ ਸੂਤ੍ਰ ਵਿਚ ਪਰੋਯਾ ਕਿ ਜਿਨਾਂ ਦੀ ਜਥੇਬੰਦੀ ਨੇ ਹਿੰਦੁਸਤਾਨ ਦੀ ਕਾਇਆਂਹੀ ਪਲਟ ਦਿਤੀ। ਜਾਤੀ ਦੀ ਰਖਿਆ ਲਈ ਇਕ ਸੇਵਾ ਦਲ ਕਾਇਮ ਕਰਕੇ ਉਸਦਾ ਨਾਮ ਗੁਰੂ ਕੀ ਫੌਜ ਅਰਥਾਤ 'ਖਾਲਸਾ' ਰਖ ਦਿਤਾ ਤੇ ਜਿਸ ਨੂੰ ਆਪ ਜੀ ਨੇ ਇਕੋ ਹੀ ਮੰਤ੍ਰ ਪੜ੍ਹਾਯਾ:-

"ਧਰਮ ਚਲਾਵਨ ਸੰਤ ਉਬਾਰਨ।
ਦੁਸਟ ਸਭਨ ਕੋ ਮੂਲ ਉਪਾਰਨ"

ਸ੍ਰੀ ਭਾ: ਸੰਤੋਖਸਿੰਘ ਸਾਹਿਬ ਦਸਦੇਹਨ ਕਿ ਜੈ ਆਪ ਅਜੇਹਾ ਨਾ ਕਰਦੇ ਤਾਂ ਕੀ ਹੋ ਜਾਂਦਾ

"ਛਾਇ ਜ਼ਾਤੀ ਏਕਤਾ, ਅਨੇਕਤਾ ਬਲਾਇ ਜਾਤੀ, ਧਾਇ ਜਾਤੀ ਕੁਚਲਤਾ ਕਤੇਬਨ ਕਢਾਨਕੀ। ਪਾਪ ਪੁੰਜ ਜਾਤੇ ਧਰਮ ਧਸੱਕ

ਜਾਤੇ, ਵਰਨ ਗਰੱਕ ਜਾਤੇ, ਸਹਿਤ ਵਿਧਾਨ ਕੀ। ਦੇਵੀ ਦੇਵ ਦੇਹੁਰੇ ਸੰਤੋਖਸਿੰਘ ਦੂਰਹੋਤੇ ਰੀਤ ਮਿਟ ਜਾਤੀ ਕਥਾ ਵੇਦ ਔਰ ਪੁਰਾਨਕੀ ਸ੍ਰੀ ਗੁਰੂ ਗੋਬਿੰਦ ਸਿੰਘ ਪਤਿਤ ਪਾਵਨ ਸੂਰ ਮੂਰਤੀ ਨਾ ਹੋਤੀ ਜੋ ਪੈਕਰੁਣਾ ਨਿਧਾਨ ਕੀ। ਗੁਰੂ ਜੀ ਤਾਂ ਆਏ ਹੀ ਇਸੇ ਲਈ ਸਨ ਕਿ ਅਲੋਪ ਹੋਈ ਯਗ ਹਵਨ ਦੀ ਮਰਯਾਦਾਮੁੜ ਇਸਥਿਤ ਕੀਤੀਜਾਇ। ਆਪ ਜੀ ਦੇ ਆਗ ਮਨ ਸਬੰਧੀ ਬਹਿਲੋ ਕੇ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਲਿਖਦੇ ਹਨ:-

"ਕੂੜ ਕਪਟ ਸਭ ਛਪ ਗਿਆ, ਸਭ ਸਚ ਵਰਤਾਰਾ। ਫਿਰ **ਯੱਗ ਹੋਮ** ਠਹਰਾਇ ਕਰ ਨਿਜ ਧਰਮ ਸਵਾਰਾ।"

ਚੀਫ ਖਾਲਸਾ ਦੀਵਾਨ ਦੇ ਇਕ ਪ੍ਰਸਿੱਧ ਉਪਦੇਸ਼ ਭਾਈ ਹਰਨਾਮ ਸਿੰਘ ਜੀ 'ਸਚੀ ਮੁਹਬਤ' ਵਿਚ ਲਿਖਦੇ ਹਨ। "**ਯੱਗ ਹੋਮ** ਹੋਵਨਾ ਨਾ ਹਿੰਦ ਮੈਂ ਕੋਈ ਮੂਲ ਪਾਤਾ ਝੂਲਤੇ ਨਿਸ਼ਾਨ ਨਾਹੀ ਆਜ ਹਿੰਦਵਾਨ ਕੇ। ਕਹਿਤ ਹਰਨਾਮ ਸਿੰਘ ਏਸ ਮੇ ਨ ਝੂਠ ਜਾਨੋ ਤੀਰ

ਜੌ ਨ ਛੂਟਤੇ ਗੋਬਿੰਦ ਸਿੰਘ ਜੁਆਨ ਕੋ।' ਸਾਹਿਬ ਸ੍ਰੀ ਗੁਰੂ ਗੋਬਿੰਦਸਿੰਘ ਜੀ ਦੀ ਯਗ ਹਵਨ ਨਾਲ ਅਜੇਹੀ ਪ੍ਰੀਤੀ ਸੀ ਕਿ ਆਪ ਜੀ ਨੇ ਸਵਾ ਲੱਖ ਦਮੜੇ ਦੀ ਸਾਮਗ੍ਰੀ ਇਕੱਤ੍ਰ ਕਰਕੇ ਨੈਣਾ ਦੇਵੀ ਦੇ ਮੰਦ੍ਰ ਸੌਂਹੇ ਹਵਨ ਕੀਤਾ।

ਜਦ ਕੇਸੋ ਦਾਸ ਜੀਨੇ ਹਵਨ ਕਰਨਸਬੰਧੀ ਸ੍ਰੀ ਗੁਰੂ ਜੀ ਨੂੰ ਕਿਹਾ ਤਾਂ ਆਪ ਜੀਨੇ ਅਪਣੀ ਸੰਮਤੀ ਇਉਂ ਪ੍ਰਗਟ ਕੀਤੀ:—

'ਏਹ ਤੋ ਧਰਮ ਹਮਾਰਾ ਸਾਰ। ਕਰਤਰਹੇ ਨ੍ਰਿਪ ਮੁਨਿ ਅਵਤਾਰ। ਸੋਤੋ ਹਮ ਵੀ ਕਰਨਾ ਚਾਹੈਂ। ਜਾਂਤੇ ਸਭ ਸ੍ਰਿਸ਼ਟੀ ਸੁਖ ਪਾਹੈ। ਇਕਤੋ ਹੈ ਦੁਖਭਿਖ ਅਤਿਭਾਰੀ।ਹੈ ਪੜ ਰਿਹੋ ਨਾ ਵਰਸਤ ਬਾਰੀ। ਦੂਸਰੇ ਭਾਰਤ ਵਰਸ਼ ਮੰ-ਝਾਰੇ। ਮਹਾ ਪਰੀ ਪੜ ਰਹੀ ਅਪਾਰੇ। ਤ੍ਰਿਤਏ ਜੋ ਨਰ ਨਾਰੀ ਆਰਜ। ਹੋਇ ਰਹੇ ਨਿਜ ਧਰਮੋਂ ਖਾਰਜ। ਪਾਪ ਕੁਕਰਮਨ ਮੈਂ ਅਤਿ ਲਾਗੇ। ਇਸੀ ਹੇਤ ਬਿਨ ਰਹੇ ਅਭਾਗੇ। ਜਗ ਹੋਮ ਲੋ ਸੁਕ੍ਰਿਤ ਜੇਹੈ। ਹਾਕਮ ਤੁਰਕ ਕਰਨ ਨਹੀਂ ਦੇਹੈ। ਹਮ ਜਬ ਹਵਨ ਜਗ ਕਰਵੈਹੈ। ਖੁਸ਼ ਹੋ ਘਨ ਜਲ ਬ੍ਰਹ ਬਰੁਸੈਹੈ। ਦੁਰਭਿਖ ਨਸੇ ਅੰਨ

ਬਹੁ ਬੈਹੈਂ । ਸੁਕ੍ਰਿਤ ਸਭ ਕਰਨੇ ਲਗ ਜੈ ਹੈ । ਨਸੈਅਵਿਦਿਆ ਵਿਦਿਆ ਐਹੈ। ਸੁਰਵੀਰਤਾ ਦ੍ਰਿੜ ਪ੍ਰਗਟੈਹੈ । ਵਰ ਨਾਸਰਮੀਜਨ ਹੈਜੇਤੇ । ਕਾਇਰਤਾ ਕਰ ਪੂਰਨ ਤੇਤੇ । ਉਨੈ ਹਵਨ ਕੀ ਪਵਨ ਲਗੈ ਜਬ । ਸ਼ੇਰ ਬੜਿਯਾੜਨ ਸੇ ਹ੍ਵੈਹੈ ਸਭ। ਸੂਰ ਬਾਰਤਾ ਉਰ ਮੇ ਜਗ ਹੈ । ਧਰਮ ਪੁਰਾਤਨ ਕਰਨੇ ਲਗ ਹੈ। ਪ੍ਰਭਤਾ ਦੇਹ ਅਰੋਗ ਕ੍ਰਾਂਤੀ। ਵਿਜਯ ਗਯਾਨ ਸੰਤਿਤ ਸਖ ਦਾਤੀ । ਨਿਰਭੈਤਾ ਜਸ ਗਨ ਦੈਵੀ ਸਭ।ਹੋਹਿਪ੍ਰਾਪਤਿ ਗੁਰੂ ਮੈ ਤਬ । ਬਾਲਿਕ ਭਾਗਵਾਨ ਪ੍ਰਗਟੈਹੈ। ਰੋਗ ਸੀਤਲਾ ਆਦਿ ਨਸੈਹੈ । ਕਾਮਾਦਿਕ ਜੋ ਅਸੁਰੀ ਸੰਪਤ । ਯਗ ਹੋਮ ਕੋ ਪਿਖ ਕਰ ਕੰਪ੍ਰਤ । ਉਤਮ ਗਣ ਸਤਿ ਆਦਿਕ ਜੋਹੈ । ਬਾਵਨ ਕਹੇ ਵੇਦ ਰਿਗ ਮੋਹੈ । ਸੋ ਅਵੱਸ ਜਗ ਮੈਂ ਪ੍ਰਗਟੈਹੈ । ਹੋਮ ਯਗ ਬਿਧਵਤ ਜਬ ਥੈ ਹੈ ।' [ਪੰਥ ਪ੍ਰਕਾਸ਼ ਐਡੀਸ਼ਨ ੬]

ਸ੍ਰੀ ਗੁਰੂ ਜੀ ਨੇ ਸ੍ਰੀ ਮੁਖ ਦਵਾਰਾ ਉਚਾਰਨ ਕੀਤਾ ਹੈ:—

"ਤਿਤ ਘਿਅ ਹੋਮ ਜਗ ਸਦ ਪੂਜਾ ਜਿਤ ਪਇਐ ਕਾਰਜੁ ਸੋਹੈ ।'

ਹੋਰ ਅਨੰਤ ਪ੍ਰਮਾਣ ਹਨ, ਪਰ ਸਥਾਨਾ-ਭਾਵ ਕਰਕੇ ਏਥੇ ਨਹੀਂ ਲਿਖੇ ਜਾ ਸਕਦੇ। ਉਪ੍ਰੋਕਤ ਪ੍ਰਮਾਣਾਂ ਤੋਂ ਚੰਗੀ ਤਰ੍ਹਾਂ ਸਿਧ ਹੋ ਜਾਂਦਾ ਹੈ ਕਿ ਸਤਿਗੁਰਾਂ ਦਾ ਅਵਤਾਰ ਧਰਮ ਨੂੰ ਦ੍ਰਿੜ ਕਰਨ ਅਤੇ ਯਗ ਹਵਨ ਆਦਿਮਰਯਾਦਾ ਨੂੰ ਕਾਇਮ ਰਖਣ ਵਾਸਤੇ ਹੀ ਹੋਇਆ ਸੀ। ਆਪ ਜੀਨੇ ਨਾ ਕੇਵਲ ਯਗ ਹਵਨ ਦੀ ਰਖਿ-ਆਹੀ ਕੀਤੀ ਸਗੋਂ ਆਪ ਆਦਰਸ਼ਰੂਪ ਬਣਕੇ ਆਪਣੇ ਸ਼ਰਧਾਲੂ ਸਿਖਾਂ ਨੂੰ ਜਾਚ ਦਸੀ।

ਜਿਤਨਾ ਚਿਰ ਖਾਲਸਾ ਗੁਰੂ ਜੀ ਦੇ ਇਸ ਉਪਰੋਕਤ ਸਿਧਾਂਤ ਤੇ ਚਲਦਾ ਰਿਹਾ, ਉਤਨਾ ਚਿਰ ਖਾਲਸਾ ਜੀ ਦੀ ਦਿਨ ਦੂਣੀ ਉੱਨਤੀ ਹੁੰਦੀ ਰਹੀ ਪਰ ਜਦ ਖਾਲਸਾ ਜੀ ਨੂੰ ਰਾਜ ਭਾਗ ਪ੍ਰਾਪਤਿ ਹੋਯਾ ਅਤੇ ਨਾਲ ਹੀ ਖਾਲਸਾਜੀ ਦਾ ਕੋਈ ਧਾਰਮਿਕ ਆਗੂ ਨਾ ਰਿਹਾ, ਉਸ ਸਮੇ ਖਾਲਸਾ ਜੀ ਗੁਰੂ ਜੀ ਦ ਇਸ ਪਾਵਨ ਉਦੇਸ਼ 'ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਖਾਰਨ' ਨੂੰ ਨਾ ਸਿਰਫ ਭੁਲਹੀ ਬੈਠਾ, ਸਗੋਂ ਆਪਹੀ ਸੰਤਾਂ ਨੂੰ ਦੁਖ ਦੇਣ ਦਾ ਕਾਰਨ ਬਣ ਗਿਆ। ਖਾਲਸਾਜੀ ਵੱਲੋਂ

ਨੇ ਭੁਈ ਵੀਰ ਸਿੰਘ ਸਿੰਘ ਜੀਨੌਰੰਗ ਵਾਦੀਆਂ ਨੂੰ ਭਜਨ ਕਰਦਿਆਂ ਤੋਪਾਂ ਨਾਂਲ ਉਡਾਕੇ ਬੜੇ ਫਖਰ ਨਾਲ ਕਿਹਾ ਸੀ ਕੀ 'ਵੀਰ ਸਿੰਘ ਜੇਹੇ ਅਸਾਂ ਮਾਰ ਦਿਤੇ ਨਹੀਂ ਛਡਣਾ ਸਾਧਤੇ ਸੰਤ ਮੀਆਂ' ਖਾਲਸਾ ਆਪਣੇ ਧਰਮ ਤੋਂ ਭ੍ਰਸਟ ਹੋ ਗਿਆ, ਦੇਸ਼ ਵਿਚ ਸੁਖ ਵਰਤਾਨ ਦੀ ਥਾਉਂ ਦੁਖ ਦਾ ਕਾਰਨ ਬਣ ਬੈਠਾ ਸਾਰੇ ਪੰਜਾਬ ਵਿਚ ਬੁਰਿਛਆਂ ਦਾ ਜ਼ੋਰ ਵਧ ਗਿਆ ਅਤੇ ਨੌਬਤ ਖਾਨਾ ਜੰਗੀ ਤੋਂ ਲੰਘਕੇ ਤਬਾਹੀ ਤੀਕ ਪਹੁੰਚ ਗਈ।

ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਪਸਚਾਤ ਬਾਬੇ ਬੰਦੇ ਦੇ ਸਮੇਂ ਤਕ ਤਾਂ ਖਾਲਸਾਜੀ ਆਪਣੇ ਧਾਰਮਿਕ ਅਸੂਲਾਂ ਤੇ ਯਗ ਹਵਨ ਆਦਿ ਮਰਯਾਦਾ ਨੂੰ ਠੀਕ ਪਾਲਦੇ ਰਹੇ ਤੇ ਜਿਨ੍ਹਾਂ ਦੀ ਬਾਬਤ ਗਯਾਨੀ ਗਯਾਨ ਸਿੰਘ ਜੀ ਔਂਵ ਲਿਖਦੇ ਹਨ।

ਕਬਿਤ। ਸ੍ਰੀ ਗੁਰੁ ਦਸਮੇਸੈਂ ਬੰਦੇ ਪ੍ਰਯੰਤ ਬੇਅੰਤ ਸਿੰਘ ਥੀਏ ਜੋਊ ਸੋਊ ਚਾਲਾਐਸੇ ਥੇ ਚਲੇ। ਤਨ ਮਨ ਧਨ ਤਿਨੈਂ ਅਰਪੈ ਥੇ ਗੁਰੂ ਹਿਤਰਾਖਥੰਕੇ ਹਿੰਦ ਜਿੰਦਦੈਨ ਚਾਹੇ ਥੇ ਭਲੇ।
ਸੋਊ [illegible] ਤਿਨੈ

ਸਮਰੈਂ ਪੈ ਕਮਰੈਂ ਕਸੀ ਥੀ ਅਮਰੈਂ ਵਲੋ।ਜਤ ਸਤ ਤਪ ਜਪ ਤੋਖ ਧਾਰੀ ਪਰਉਪਕਾਰੀ ਪਾਰੀ ਗੁਰ ਸਿੱਖੀਵਾਰੀ ਰੀਤ ਸਹਿ ਕੈ ਕਲੇ। ੧੩।

ਪਰ ਤੀਆ ਮਾਤ ਧੀਆ ਭਗਨੀ ਲਖੀਆ ਕਰੈਂ ਬੀਆ ਬਿੱਤ ਹੇਰ ਕੀਆ ਹੀਆਂ ਨਾ ਚੁਰਾਨੇ ਥੇ।ਪਾਰਤੇ ਪਰਣ ਸਰਣਾਗਤੈਂ ਸਿਦੀਵਦਿਢ ਹਰਨ ਅਰਿਨ ਢਿਗ ਮਰਨ ਪਛਾਨੈ ਥੇ। ਰਾਖਤੇ ਭ੍ਰੋਸਾ ਪੂਰਾ ਗੁਰੂ ਕਰਤਾਰ ਪਰ ਨਿਜ ਕਰਨੀ ਕੋ ਨੀਕੋ ਨਾ ਹੰਕਾਰ ਠਾਨੇਥੇ। ਨਾਮ ਕੇ ਜੱਪਯਾ ਦੇਗ ਤੇਗ ਕੋ ਚੱਲਯਾ ਹਰਿ ਗਯਾਨ ਦਾਨ ਦੱਯਾ ਸਿੰਘ ਛਾਨੇ ਨਾ ਪੁਰਾਨੇ ਥੇ। ੧੭।

ਬਸਤਰ ਬੋਰ ਭੂਰ ਸਸਤ੍ਰ ਧਾਰੀ ਸੂਰ ਬਖਤ੍ਰ ਅੰਗ ਜੰਗ ਵਖਤ ਸੁਧਾਰਤੇ। ਸੂਧ ਦਾੜੇ ਮੂਛ ਅੱਛ ਦਸਤਾਰੇ ਸ੍ਵੇਤ ਸੂੱਛ ਕਟਿ ਪ੍ਰਤੱਛ ਕੱਛ ਪੱਟ ਦਿਢ ਧਾਰਤੇ। ਅੰਗਰਖੀ ਗੁਰ ਭੂਰੇ ਗਲਤੀ ਕਮਰ ਕਸੇ ਨਾਦਰੈਂ ਮ੍ਰਿਗੇਸ਼ ਖੇਸ ਚਾਦਰੈਂਕੀ ਧਾਰਤੇ।ਅੰਬਰੀ ਪਿਗੰਬਰੀ ਅਜੀਵਕਾ ਰਖਤ ਓਢ ਕੰਬਰੀ ਸੇਪੰਬਰੀ ਕੀ ਛਬ ਛੀਨ ਡਾਰਤੇ। ੧੮।

ਕੀਰਤਨ ਕਥਾ ਪਾਠ ਗੁਰੂ ਗ੍ਰੰਥ ਜੀ ਕੇ

ਬਾਟ ਜੋੜ ਮੇਲ ਠਾਟ ਰਾਠ ਕਾਠ ਮੇਲ ਠਾਨੀਥੇ। **ਹੋਮ ਜੱਗ** ਕਰਵਾਤੇ ਪ੍ਰਸਾਦ ਬਟ-ਵਾਤੇ ਰੌਣਕ ਰਖਾਤੇ ਗਾਤੇ ਸਬਦ ਜਬਾਨੀਥੇ। ਦੇਤੇ ਜੋ ਕਿਸਾਨ ਆਨ ਲੇਤੇ ਸਿੰਘ ਮੋਦ ਮਾਨ ਬੇਤੇ ਬ੍ਰਹਮ ਗਯਾਨੀ ਤੇ ਉਪਾਸਕ ਮਹਾਨੀ ਥੇ। ਦਾਨੀ ਥੇ ਇਮਾਨੀਥੇ ਗਮਾਨੀ ਬੀਰ ਮਾਨੀ ਥੇਸੁਦੇਵਜਨ ਸਾਨੀਥੇ ਬਦੇਹੀ ਸਮਗਯਾਨੀ ਥੇ।

ਉਪ੍ਰੋਕਤ ਪਰਮਾਣਾਂ ਨੂੰ ਪੜ੍ਹਕੇ ਪਤਾ ਲਗ ਸਕਦਾ ਹੈ ਕਿ ਪੁਰਾਣੇ ਸਿੰਘ ਕਿਤਨੇ ਪਵਿਤ੍ਰ ਅਤੇ ਸ਼ੁਧ ਅਚਾਰ ਵਾਬੇ ਭਜਨੀਕ, ਗਜ਼ਾਨੀ ਸੂਰਮੇ ਤੇ ਯੱਗ ਹੋਮ ਕਰਨ ਦੇ ਪਯਾਰੇ ਸਨ, ਫੇਰ ਜਦੋਂ ਅਜੇਹੇ ਮਹਾਂ ਪੁਰਸ਼ ਏਸ ਅਸਾਰ ਸੰਸਾਰ ਤੋਂ ਚਲਦੇ ਹੋਏ ਅਤੇ ਖਾਲਸਾ ਬਾਰਾਂ ਮਿਸਲਾਂ ਵਿਚ ਵੰਡਿਆ ਗਿਆ, ਪਰਸਪਰ ਪ੍ਰੇਮ (ਇਤਫਾਕ) ਖੰਭ ਲਾਕੇ ਉਡ ਗਿਆ, ਗੁਰ ਸਿਖੀ ਦੀ ਰੀਤ ਭੁਲ ਬੈਠੇ, ਚਪਾ ੨ ਜ਼ਮੀਨ ਤੇ ਲਹੂ ਡੋਲ੍ਹ ਪ੍ਰਾਪਤ ਕੀਤੀ ਹੋਈ ਖਾਲਸਾ ਸਲਤਨਤ ਆਪਸ ਦੀ ਫੁਟ ਦੇ ਕਾਰਣ ਤਬਾਹ ਕਰ ਬੈਠੇ। ਸਿਖ ਰਾਜ ਸਮਾਪਤ ਹੋ ਗਿਆ ਤੇ ਬਦੇਸ਼ੀ ਸਰਕਾਰ ਨੇ ਡੇਰੇ ਗਾਡੇ। ਗਯਾਨੀ

ਗਯਾਨ ਸਿੰਘ ਜੀ ਓਸ ਪਰਾਤਨ ਸਮੇਦੀਸਿਖੀ ਦਾ ਫੋਟੋ ਇਸਤਰਾਂ ਲਿਖਦੇ ਹਨ:-

ਕਬਿੱਤ। ਔਰੈਂ ਰੀਤ ਔਰੈਂ ਮੀਤ ਔਰੇਂ ਪ੍ਰਤੀਤ ਪ੍ਰੀਤਿ ਖਾਨ ਪਹਿਰਾਨ ਗਜ਼ਾਨ ਮਾਨ ਔਰੈਂ ਜਨ ਕੇ। ਡਾਰੇ ਦਸਤਾਰੇ ਸਾਫੇ ਭਾਰੇ ਹੈਂ ਸੰਭਾਰੇ ਅੱਛੈਂ ਕੱਛੈਂ ਤਜ ਗਏ ਧੋਤੀ ਸੂਥੂ ਤੰਗ ਤਨਕੈ।ਧਾਰੇ ਹੈਂ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ ਜਿਨੈਂ ਵੇਖ ਸਿੱਖੀ ਗਊ ਕੰਬੈ ਤੁਰਕ ਗਨ ਕੈ। ਸਿਖੀ ਦਸ਼ਮੇਸ਼ ਕੀ ਸੁ ਕੀਆ ਪਰਦੇਸ ਕੀ ਅਸਿੱਖੀ ਪਰੀ ਪੇਸ਼ਗੀ ਛਿਨਾਰ ਬਨ ਠਨਕੈ।

ਕੋਈ ਬਾਰ ਪਾਰੈ ਓਚੈਂ ਨਾਕ ਨੋਚੈਂ ਮੋਚਨ ਲੈ ਕੋਈ ਖੋਚੈਂ ਲਤਨ ਕੋ ਸੋਚੈਂ ਨ ਲਖਾਇ ਹੈ। ਕੋਊ ਦਾੜ੍ਹੈਂ ਹੀ ਉਖਾੜੈਂ ਮੂਛੈਂ ਪਾੜੈਂ ਝਾੜਨ ਜਿਉ ਪੂਛੈਂ ਸੇਤ ਛਾੜੈਂ ਕੋਊ ਸਾੜੈਂ ਦਵਾਲਾਇ ਹੈਂ। ਬੰਗਲੈਂ ਉਪਾਰੈਂ ਕੋਊ ਭੌਹੈਂ ਸੌਹੈਂ ਕੀ ਉਖਾਰੈਂ ਨਾਸਿਕਾ ਕੋ ਫਾਰੈਂ ਹਾਥ ਮਾਥ ਪੈ ਚਲਾਇ ਹੈਂ। ਸਿਖਨ ਕੇ ਪੂਤ ਮਜਬੂਤ ਸਿੰਘ ਨਾਮਵਾਰੇ ਹਾਇ ਵੇ ਕਸਾਈ ਰਹੇ ਸਿੱਖੀ ਗਊ ਘਾਇ ਹੈਂ।

ਨਿਜ ਤ੍ਰਿਯ ਤਜ ਕੁਲਟਾ ਬਿਭਚਾਰਨ ਮੂੰਡਿਓਂ ਸੰਗ ਰਮੈਹੈਂ ਜੋ। ਤਿਨ ਕੇ ਸੰਗੀ ਬਾਦ ਫਿਰੰਗੀ ਬਹੁਤ ਨਮਰਦ ਥਵੈ ਹੈਂ ਜੇ। ਸਿੰਘ ਸੁਨਹਿਰੀ ਕਬਜੇ ਵਾਰੇ ਤਿਨੈ ਮਸਖਰੀ ਲੇਗ ਕਰੈਂ। ਸਰਮ ਹਿਆਉ ਸੁਕਰਮ ਧਰਮ ਤਜ ਪੈ ਕੁਕਰਮ ਮੈ ਸੋਊ ਮਰੈਂ।

* * * *

੪.

ਜਦੋਂ ਸਿਖ ਪੰਥ ਦੀ ਏਹ ਹਾਲਤ ਹੋਗਈ ਅਤੇ ਬੇਸ਼ੁਮਾਰ ਪਾਪ ਅਤੇ ਉਪਦ੍ਰਵ ਹੋਣਲਗ ਪਏ ਅਤੇ ਸਿਖ ਫੁਲਵਾੜੀ ਨਾਂ ਕੇਵਲਮੁਰਝਾ ਹੀ ਗਈ, ਸਗੋਂ ਮਨਮਤ ਰੂਪ ਖਿਜ਼ਾ ਨੇ ਤ-ਬਾਹ ਕਰ ਛਡੀ। ਸ੍ਰੀ ਗ੍ਰੰਥ ਸਾਹਿਬ ਅਲ-ਮਾਰੀ ਵਿਚ ਪਿਆਂ ਨੂੰ ਦੀਮਕ ਲਗ ਗਈ, ਗੁਰਬਾਣੀ ਪੜ੍ਹਨੀ ਲੋਕ ਉਕਾ ਹੀ ਛਡਬੈਠੇ। ਅਜੇਹੇ ਧੁੰਦੂਕਾਰ ਬਿਕਰਾਲ ਸਮੇਂ ਦੁਖੀ ਹੋਈ ਧਰਤੀ ਫਿਰ ਅਕਾਲ ਪੁਰਖ ਦੇ ਚਰਨਾਂਵਿਚ ਪ੍ਰਾਰਥਕ ਹੋਈ ਉਸ ਸਮੇਂ ਨੂੰ ਕਵੀ 'ਚੇਤਨ' ਜੀਨੇ ਇਉਂ ਦਸਿਆ ਹੈ:—

'ਗੁਰੂ ਦਸਮੇਸ ਜੀ ਦੇ ਪਿਛੋਂ ਜਦਖਾਲਸੇ

ਨੇ ਛਡ ਦਿਤਾ ਰਾਹ ਤੇ ਕੁਰਾਹ ਅਨ ਮੱ ਲਿ-ਆ। ਬੁਰਛਿਆਂ ਨੇ ਲੁਟਮਾਰ ਦੇਸ ਵਿਚਖੂਬ ਕੀਤੀ, ਨਿਰਬਲਾਂ ਨਿਰਦੋਸਿਆਂ ਗ਼ੀਬਾਂ ਨੂੰ ਦਬਲਿਆ।ਅਤ ਦਾ ਤੇ ਰਬ ਦਾ ਹੈ ਵੈਰਮਸ਼-ਹੂਰ ਧੁਰੋਂ ਵਾਹਿਗੁਰੂ ਨੇ ਊਨਾਂ ਦਾ ਵੀਤਖਤਾ ਉਥਲਿਆ। ਫੇਰ ਕਲਜੁਗ ਵਿਚ ਸਤਿਜੁਗ ਲਾਨ ਲਈ ਉਸੇ ਜੋਤ ਨਿਜ ਰੂਪ ਰਾਮ ਸਿੰਘ ਘਲਿਆ।'

ਧਰਨੀ ਦੀ, ਗਊ ਗ਼ੀਬ ਅਤੇ ਸਿੱਖੀ ਦੀ ਪੁਕਾਰ ਸੁਣਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਭਾਰਤ ਦੇ ਦੁਖੜੇ ਦੂਰ ਕਰਨ ਲਈ ਭੇਜਿਆ। ਸੰਮਤ ੧੮੭੨ ਬਿਕ੍ਰਮੀ ਤਿਥਿ ਮਾਘ ਸੁਦੀ ਪੰਚਮੀ ਵਾਲੀ ਰਾਤ ਦਿਨ ਵੀਰਵਾਰ ਅੰਮ੍ਰਿਤ ਵੇਲੇ ਭੈਣੀ ਨਾਮੀ ਪਿੰਡ ਵਿਚ ਅਵਤਾਰਲੈਕੇ ਮੁੜ ਗੁਰ ਸਿਖ ਫੁਲਵਾੜੀ ਨੂੰ ਨਾਮ ਅੰਮ੍ਰਿਤ ਦੇ ਕੇ ਸਰਸਬਜ਼ ਤੇ ਸੁਰਜੀਤ ਕੀਤਾ। ਆਪ ਸੰਬੰਧੀ ਪ੍ਰਸਿਧ ਵਿਦਵਾਨਸ੍ਰੀਮਾਨ ਗਿਆਨੀ ਗਯਾਨ ਸਿੰਘ ਜੀ ਨੇ ਆਪਣੇ ਪੰਥ ਪ੍ਰਕਾਸ਼ ਵਿਚ ਇਉਂ ਦਸਿਆ ਹੈ:—

'ਹੁਕੇ ਛੁਡਵਾਏ ਰਖਵਾਏ ਕੇਸ ਮੋਨਿਯੋਂਕੇ

ਸੂਧਾ ਛਕ ਥਾਏ ਸਿਖ ਭਾਗ ਜਿਨੈ ਜਾਗਿਓ। ਫੈਲਿਓ ਜਸ ਭਾਰੀ ਸਿੱਖ ਥੀਏ ਤਾਹਿਕੇਅਪਾ-ਰੀ ਸਿਖ ਪੰਥ ਬਿਰਧ ਯੋ ਨਾਮ ਰਸ ਪਾਗਿਓ। ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ ਠਗੀ ਤਜ ਥੀਏ ਸੰਤ ਸਤਿਜੁਗ ਆਗਿਓ।'

ਸ੍ਰੀਸਤਿਗੁਰੂ ਰਾਮਸਿੰਘ ਜੀ ਦੀ ਮਰਯਾਦਾ ਅਤੇ ਆਪ ਜੀ ਦੇ ਹੋਰ ਅਨੇਕਾਂ ਪ੍ਰਉਪਕਾਰਜੋ ਆਪਜੀਨੇ ਸਿਖਧਰਮ ਤੇ ਭਾਰਤਭੂਮੀ ਤੇਕੀਤੇ ਹਨ,ਦਸਣ ਤੋਂ ਪਹਿਲਾਂ ਹੁਣ ਅਸੀਂ ਉਨ੍ਹਾਂ ਲੋਕਾਂ ਦੀ ਸ਼ੰਕਾ ਸਮਾਧਾਨਤ ਲਈ ਵਿਚਾਰ ਕਰਨਾਂ ਜਰੂਰੀ ਸਮਝਦੇ ਹਾਂ ਜੋ ਦਸਮੇ ਪਾਤ-ਸ਼ਾਹ ਨੂੰ ਆਖਰੀ ਪੇਸ਼ਵਾਦਸਕੇ ਗੁਰਿਆਈਦਾ ਸਿਲਸਿਲਾ ਸ੍ਰੀ ਗ੍ਰੰਥ ਸਾਹਿਬ ਤੇ ਖਤਮ ਕਰ ਦਿੰਦੇ ਹਨ। ਭਾਵੇਂ ਇਸ ਸਬੰਧੀ ਓਨ੍ਹਾਂ ਕੋਲ ਕੋਈ ਨਿਗਰ ਦਲੀਲ ਜਾਂ ਪ੍ਰਮਾਣ ਨਹੀਂ,ਪਰ ਫਿਰ ਵੀ ਉਹ ਇਕ ਦੋ ਦੋਹਰੇ,ਕਢਕੇ ਆਪਣੇ ਪੱਖਦੀ ਪ੍ਰੋੜਤਾ ਕਰਦੇ ਹਨ,ਉਹਦੋਹਰੇਏਹਹਨ 'ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ। ਸਭ ਸਿਖਨ ਕੋ ਹੁਕਮ ਹੈਗੁਰੂ ਮਾਨੀਓ ਗ੍ਰੰਥ। ਗੁਰੂ ਗ੍ਰੰਥ ਜੀ ਮਾਨਿਓਂ ਪ੍ਰਗਟ ਗੁਰਾਂ

ਕੀ ਦੇਹ ॥ ਜਿਨ ਕਾ ਹਿਰਦਾ ਸੁਧ ਹੈ ਖੋਜ ਸਬਦ ਮੈ ਲੇਹ ॥

ਏਹਨਾਂ ਦੋਹਰਿਆਂ ਉਤੇ ਹੀ ਸਿੰਘ ਸਭੀਏ ਸਜਣਾਂ ਦਾ ਸਾਰਾ ਦਾਰੋਮਦਾਰ ਹੈ। ਭਾਵੇਂ ਏਹ ਦੋਹਰੇ ਕਿਸੇ ਵੀ ਗੁਰੂ ਜੀਦੇ ਮੁਖਵਾਕ ਨਹੀਂ ਅਤੇ ਨਾ ਹੀ ਦਸਮ ਗੁਰੂ ਜੀਨੇ ਕਿਤੇ ਉਚਾਰਨ ਕੀਤੇ ਹਨ, ਫਿਰ ਵੀ ਅਨਪੜ੍ਹ ਤੇ ਅਨਭੋਲ ਸਿਖਾਂਨੂੰ ਗਲਤ ਰਸਤੇ ਪਾਣਲਈ ਏਨਾਂ ਦੋਹ ਰਿਆਂਨੂੰ ਸ੍ਰੀ ਮੁਖਵਾਕ ਹੀ ਦਸਿਆ ਜਾਂਦਾ ਹੈ ਹਾਲਾਂ ਕਿ ਨਾ ਆਦ ਗ੍ਰੰਥ ਵਿਚ ਨਾ ਦਸਮ ਗ੍ਰੰਥ ਵਿਚ, ਨਾ ਪੁਰਾਤਨ ਸਿਖ ਇਤਿਹਾਸ ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਗੁਰ ਬਿਲਾਸ, ਸੌਸਾਖੀ ਤੇ ਗੁਰਸੋਭਾ ਆਦਿ ਵਿਚ ਹੀ ਇਨਾਂ ਦਾ ਉਲੇਖ ਮਿਲਦਾ ਹੈ। ਫਿਰ ਇਹ ਪ੍ਰਸ਼ਨ ਪੈਦਾ ਹੁੰਦਾਏ ਕਿ ਇਹ ਦੋਹਰੇ ਕਿਸਨੇ ਘੜੇ? ਕਿਵੇਂ ਪ੍ਰਚਲਤ ਹੋਏ ? ਅਸਾਂ ਇਸ ਤੇ ਵਿਚਾਰ ਕਰਨੀਹੈ, ਤਾਕਿ ਅਸਲੀ ਵਾਕਯਾਤ ਤੇ ਸਚਾਈ ਦੇ ਖੋਜੀ ਸਜਣਾਂ ਨੂੰ ਪਤਾ ਲਗ ਸਕੇ। ਜਦੋਂ ਅਸੀਂ ਸਿਖ ਧਰਮਦੇ ਪੁਸਤਕਾਂ ਵਲ ਨਿਗਾਹ ਮਾਰਦੇ ਹਾਂ, ਤਾਂ ਸਾਨੂੰ ਭਾਈ

ਪ੍ਰਹਿਲਾਦ ਸਿੰਘ ਜੀਦੇ ਰਹਿਤਨਾਮੇਵਿਚਇਸ ਸ਼ਕਲਦੇ,ਇੰਨ ਬਿੰਨਨਹੀਂ,ਕੁਝ ਕੁਝ ਮਿਲਦੇ ਜੁਲਦੇ ਦੋ ਦੋਹਰੇ ਮਿਲਦੇਹਨ,ਜੋ ਏਹ ਹਨ:-

"ਅਕਾਲ ਪੁਰਖ ਦੇ ਬਚਨ ਸਿਉਂ ਪ੍ਰਗਟ ਚਲਾਯੋ ਪੰਥ। ਸਭ ਸਿਖਨ ਕੋ ਬਚਨ ਹੈ ਗੁਰ ਮਾਨੀਓਂ ਗ੍ਰੰਥ॥ ਗੁਰੂ ਖਾਲਸਾ ਜੀ ਮਾਨੀਓਂ ਪ੍ਰਗਟ ਗੁਰੂ ਕੀ ਦੇਹ। ਜੋ ਸਿਖ ਮਿਲਬੋਚਹੈ ਖੋਜ ਇਨੋਂ ਮੇਂ ਲੇਹ॥" ਪਰ ਜਦੋਂ ਅਸੀਂ ਇਸਨੂੰ ਵਿਚਾਰ ਤਰਾਜੂਤੇਰਖਕੇ ਤੋਲਦੇਹਾਂ ਤਾਂ ਇਸ ਦੀ ਸਚਾਈ ਦਾ ਚੰਗੀ ਤਰਾਂ ਨਿਰਣਾ ਹੋ ਜਾਂਦਾ ਹੈ।

ਇਸ ਰਹਿਤਨਾਮੇਦੇਦੋਹਰੇ ਅਤੇਚੌਪਾਈਆਂ ਚਾਲੀ ਹਨ ਅਤੇ ਇਸ ਦਾ ਅਰੰਭ ਏਨਾਂ ਪੰਗਤੀਆਂ ਤੋਂ ਹੁੰਦਾ ਏ:-

ਦੋਹਰਾ॥ ਅਬਚਲਨਗਰਬੈਠੇਗੁਰੂ ਮਨਮੈ ਕੀਆ ਵਿਚਾਰ॥ ਬੋਲਿਆ ਸਚਾ ਪਾਤਸ਼ਾਹ ਮੂਰਤਿ ਸ੍ਰੀ ਕਰਤਾਰ ॥ ੧॥ ਹੁਕਮ ਹੋਯਾ ਪ੍ਰਹਿਲਾਦਸਿੰਘ ਬਿਪਜਾਤਹੰਸਰਾਇ॥ਨਿਕਟ ਬੁਲਾਯਾ ਗੁਰੂ ਜੀ ਲੀਨੋ ਕੰਠ ਲਗਾਇ॥ ੨॥ ਪੰਥ ਚਲਿਓ ਹੈ ਜਗਤ ਮੈਂ ਗੁਰੂ ਨਾਨਕ

ਪ੍ਰਸਾਦਿ। ਰਹਿਤ ਬਤਾਈਐ ਖਾਲਸੇ ਸੁਣੋ ਸਿੱਖ ਪ੍ਰਹਿਲਾਦ। ੩। ਇਸਦੇ ੨੪ ਵੇਂ ਅੰਕ ਵਿਚ ਏਹ ਦੋਹਰਾ ਔਂਦਾ ਏ:-

ਗੁਰੂ ਖਾਲਸਾ ਮਾਨੀਐ ਪ੍ਰਗਟ ਗੁਰੂ ਕੀ ਦੇਹ। ਜੋਇ ਸਿਖ ਮਿਲਬੋ ਚਹੈ ਖੋਜ ਇਨੋ ਮੈ ਲੇਹ। ੨੪। ਇਸ ਤੋਂ ਅਗੇ ਤੀਹਵੇ ਅੰਕ ਦਾ ਦੋਹਰਾ ਏਹ ਹੈ:-

ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਇਓ ਪੰਥ। ਸਭ ਸਿਖਨ ਕੋ ਬਚਨ ਹੈ ਗੁਰੂ ਮਾਨੀਓ ਗ੍ਰੰਥ।੩੦। ਬਸ ਏਹਨਾਂ ਦੋਹ-ਰਿਆਂ ਉਤੇ ਹੀ ਸਾਡੇ ਸਿੰਘ ਸਭੀਏ ਵੀਰਾਂ ਦੀ ਟੇਕ ਹੈ, ਪਰ ਏਹਨਾਂ ਦੋਹਰਿਆਂ ਤੇ ਓਹਨਾਂ ਦੋਹਰਿਆਂ ਵਿਚ, ਜੋ ਅਜ ਕਲ ਪੜ੍ਹੇ ਜਾਂਦੇ ਹਨ ਬਹੁਤ ਸਾਰਾ ਭੇਦ ਹੈ।

ਪਰ ਜਦੋਂ ਅਸੀਂ ਇਸ ਰਹਿਤਨਾਮੇ ਨੂੰ ਪੜ੍ਹਦੇ ਹਾਂ ਤਾਂ ਸਾਨੂੰ ਤਾਂ ਏਹ ਇਨ ਬਿਨ ਹੀ ਨਕਲੀ ਤੇ ਕਿਸੇ ਨਵੀਨ ਖਾਲਸੇ ਦੀ ਹੀ ਰਚਨਾਂ ਜਾਪਦੀ ਹੈ। ਇਸਦੇ ਚਤਰ ਲਿਖਾਰੀ ਨੇ ਅਪਣੇ ਵਲੋਂ ਬੜਾ ਜਤਨ ਕੀਤਾ ਹੈ ਕਿ ਨਾਮਧਾਰੀ ਜੋ ਸਾਨੂੰ ਏਹ ਕਹਿਕੇ ਝੂਠਾ ਕਰਦੇ ਹਨ, ਜੋ ਸਾਨੂੰ

ਏਹ ਦੋਹਰੇ ਕਿਤੇ ਲਿਖੇ ਹੋਏ ਦਸੇ?ਸੋ ਉਹਨਾਂ ਨੂੰ ਨਿਰੁਤ੍ਰ ਕਰਨ ਲਈ ਇਕ ਰਹਿਤਨਾਮਾਂ ਚੂਕ ਘੜਿਆ,ਤੇਜਿਸਵਿਚਉਹਨਾਂ ਦੋਹਰਿਆਂ ਦੇ ਭਾਵ ਦੇ ਦੋਹਰੇ ਇਸ ਲਈ ਕੁਝ ਪ੍ਰੀਵਰਤਨ ਕਰਕੇ ਲਿਖੇ ਜੋ ਇਸਦੀ ਸਚਾਈ ਤੇ ਕਿਸੇ ਨੂੰ ਕੁਝ ਸ਼ਕ ਨਾ ਭਾਸੇ। ਪਰ ਝੂਠਦੇ ਪੈਰ ਨਹੀਂ ਹੁੰਦੇ। ਇਸ ਰਹਿਤ ਨਾਮੇ ਨੂੰ ਪੁਰਾਤਨ ਜਤਾਣ ਲਈ ਇਸਦੇ ਚਤਰ ਲਿਖਾਰੀ ਨੇ ਅੰਕ ੩੫ ਵਿਚ ਇਸ ਰਹਿਤਨਾਮੇ ਦੇ ਬਨਾਣ ਦਾ ਸੰਮਤ ਦਿਤਾ ਹੈ, ਜਿਸ ਨੇ ਸਾਰਾ ਹੀ ਗੁੜ ਗੋਬਰ ਕਰ ਦਿਤਾ ਹੈ ਤੇ ਅਸਲੀ ਬਾਤ ਵੀ ਪ੍ਰਗਟ ਹੋਣੇ ਨਾ ਰਹਿ ਸਕੀ:—

ਸੰਮਤ ਸੱਤਰਾ ਸੈ ਭਏ ਬਰਸ ਬਵੰਜਾ ਨਹਾਤ। ਮਾਘ ਵਦੀ ਥਿਤ ਪੰਚਮੀ ਵੀਰ ਵਾਰ ਸੁਭ ਵਾਰ। ੩੫।

ਬਸ ਸਾਨੂੰ ਕਿਸੇ ਹੋਰਸ ਪ੍ਰਮਾਣ ਦੀ ਲੋੜ ਨਹੀਂ,ਸ੍ਰ ਮਾਨਪ੍ਰਹਿਲਾਦਸਿੰਘਜੀਦਾਆਪਣਾ ਲਿਖਣਾ ਹੀ ਕਾਫੀ ਏ। ਰਹਿਤਨਾਮੇ ਦਾ ਕਰਤਾ ਲਿਖਦਾ ਹੈ ਕਿ ਸ੍ਰੀ ਦਸਮੇਸ ਪਾਤਸ਼ਾਹ ਜੀ ਨੇ ਮੈਨੂੰ ਸ੍ਰੀ ਅਬਚਲਨਗਰ(ਹਜ਼ੂਰਸਾਹਿਬ)ਵਿਖੇ

ਏਹ ਰਹਿਤਨਾਮਾ ਲਿਖਣ ਦਾ ਹੁਕਮ ਦਿਤਾ ਹੈ ਅਤੇ ਸ੍ਰੀ ਕਲਗੀਧਰ ਜੀ ਨੇ ਮੁਖ ਵਾਕ ਲਿਖ-ਵਾਯਾ ਹੈ, ਅਤੇ ਆਪ ਹੀ ਇਸਦੇ ਲਿਖਨ ਦਾ ਸੰਮਤ ੧੨੫੨ ਦਿੰਦਾ ਹੈ। ਜਿਸਤੋਂ ਇਸਦੀ ਸਚਾਈ ਦਾ ਚੰਗੀ ਤਰਾਂ ਪਤਾ ਲਗ ਜਾਂਦਾ ਏ। ਸੰਮਤ ੧੭੫੩ ਬਿ: ਨੂੰ ਸ੍ਰੀ ਗੁਰੂ ਜੀ ਨੇ ਤ੍ਰੀਯਾ ਚਰਿਤ੍ਰ ਪੂਰਣ ਕੀਤਾ, ਸੰਮਤ ੧੭੫੫ ਬਿਕ੍ਰਮੀ ਨੂੰ ਰਾਮ ਕਥਾ ਲਿਖੀ ਅਤੇ ਸੰ: ੧੭੫੬ ਬਿ: ਨੂੰ ਸ੍ਰੀ ਕੇਸਗੜ ਵਿਖੇ ਪ੍ਰੀਖਯਾ ਲੈਕੇ ਖਾਲਸਾ ਪੰਥ ਦੀ ਰਚਨਾਂ ਕੀਤੀ। ਸੰ: ੧੭੬੨ ਬਿ: ਨੂੰ ਸ੍ਰੀ ਮੁਕਤਸਰ ਦਾ ਯੁਧ ਫਤਹ ਕਰਕੇ ੧੩ ਕਤਕ ਨੂੰ ਸ੍ਰੀ ਦਮਦਮੇ ਸਾਹਿਬ ਪੁਜੇ। ਏਥੇ ਨੌ ਮਹੀਨੇ ਰਹਿਕੇ ਆਦਿ ਗ੍ਰੰਥ ਵਿਚ ਨਾਵੇਂ ਪਾਤ ਸ਼ਾਹ ਦੀ ਬਾਣੀ ਚੜ੍ਹਾਈ। ਸੰ: ੧੭੬੩ ਬਿ: ਨੂੰ ਦਖਣ ਦੀ ਤਿਆਰੀ ਕੀਤੀ ਅਖੀਰ ੬੩ ਵਿਚ ਪੁਜੇ ਤੇ ਇਥੇ ਦੋ ਵਰ੍ਹੇ ਰਹਿਕੇ ਸੰ:੧੭੬੫ ਬਿ: ਨੂੰ ਕੌਤਕ ਰਚਾਕੇ ਅਲੋਪ ਹੋ ਗਏ। ਰਹਿਤਨਾਮੇ ਦਾ ਕਰਤਾ ਸੰ: ੧੭੫੨ ਬਿਕ੍ਰਮੀ ਨੂੰ ਆਪਣੇ ਰਹਿਤਨਾਮੇ ਵਿਚ, 'ਗੁਰੂ ਮਾਨਿਓ ਗ੍ਰੰਥ' ਲਿਖਕੇ ਗੁਰੂ ਗ੍ਰੰਥ ਨੂੰ ਗੁਰਗਦੀ ਹੋਣੀ

ਲਿਖਦਾ ਹੈ, ਸ੍ਰੀ ਗ੍ਰੰਥ ਸਾਹਿਬ ਦੀ ਬੀੜ ਤਾਂ ਤਿਆਰ ਹੋਈ ਦਮਦਮੇ ਸਾਹਿਬ ਵਿਖੇ ਸੰ: ੧੭੬੩ ਵਿਚ ਰਹਿਤਨਾਮਾ ਬਣਿਆ, ਸੰ: ੧੭੫੨ ਵਿਚ ਦਮਦਮੀ ਬੀੜ ਤਿਆਰ ਹੋਨ ਤੋਂ ੧੧ ਸਾਲ ਪਹਿਲਾਂ ਕੇਹੜੀ ਬੀੜ ਨੂੰ ਗੁਰਿਆਈ ਦਿੱਤੀ ? ਇਸਤੋਂ ਬਿਨਾਂ ਇਹ ਰਹਿਤ ਨਾਮਾ ਤਾਂ ਸ੍ਰੀ ਕਲਗੀਧਰ ਜੀ ਦੇ ਖਾਲਸਾ ਪੰਥ ਰਚਨ ਤੋਂ ਵੀ ੪ ਸਾਲ ਪਹਿਲਾਂ ਦਾ ਤਿਆਰ ਹੋਯਾ ਹੋਯਾ ਹੈ। ਓਹਨਾਂ ਦਿਨਾਂ ਵਿਚ, ਕੇਹੜੇ ਖਾਸਮੇ ਨੂੰ ਰਹਿਤ ਦਸਣ ਦੀ ਲੋੜ ਪਈ? ਤੇ ਕਦੋਂ ਗੁਰੂ ਜੀ ਅਬਚਲ ਨਗਰ ਪੁੱਜੇ ? 'ਝੂਠੋ ਝੂਠ ਚੁਤਾਲ ਸੌ' ਦੀ ਕਹਾਵਤ ਅਨੁਸਾਰ ਏਹਨਾਂ ਦੋਹਰਿਆਂ ਤੇ ਰਹਿਤਨਾਮੇ ਦਾ ਪੋਲ ਚੰਗੀ ਤਰਾਂ ਖੁਲ੍ਹ ਚੁਕਾ ਹੈ, ਹੁਣ ਅਸੀਂ ਇਸ ਤੇ ਹੋਰ ਕੁਝ ਵਧੀਕ ਨਹੀਂ ਲਿਖਣਾ ਚਾਂਹਦੇ ਤੇ ਅਸਲ ਗਲ ਦਸਕੇ ਇਸ ਲੇਖ ਨੂੰ ਸਮਾਪਤ ਕਰਦੇ ਹਾਂ।

੫

ਅਬਚਲ ਨਗਰ ਛੋਂ ਸ੍ਰੀ ਗੁਰੂ ਜੀ ਨਿਕਲਕੇ ਰੁਸਤਮ ਰਾਉ ਤੇ ਬਾਲੇ ਰਾਉ ਨੂੰ ਪੁੰਨੋ ਦੇ ਕਿਲੇ ਵਿਚੋਂ ਕਢਿਆ। ਪਹਿਲਾਂ ਥੋੜੀ

ਦੂਰ ਪੰਜਾਬ ਤੋਂ ਆ ਰਹੇ ਸਾਧੂਆਂ ਨੂੰ ਜੰਗਲ ਵਿਚ ਮਿਲੇ ਤੇ ਸੁਨੇਹਾ ਦਿਤਾ ਜੋ ਖਾਲਸੇ ਨੂੰ ਕਹਿਣਾ ਮੈ ਕਿਤੇ ਗਿਆ ਨਹੀਂ। ਏਥੋਂ ਆਪ ਸਤਿਗੁਰੂ ਜੀ ਪਟਿਆਲੇ, ਨਾਭੇ ਬਾਬਾ ਅਜਾ ਪਾਲ ਸਿੰਘ ਜੀ ਦੇ ਨਾਉਂ ਨਾਲ ਵਿਚਰੇ, (ਸ੍ਰੀ ਮਾਨ ਸ: ਮੋਹਨ ਸਿੰਘ ਜੀ ਦੇ ਨਿਸਚੇ ਅਨੁਸਾਰ) ਫਿਰ ਆਪਣੇ ਕੀਤੇ ਇਕਰਾਰ ਅਨ-ਸਾਰ, ਜੋ ਆਲਮ ਸਿੰਘ ਨਾਲ ਕੀਤਾ ਸੀ,:—

ਆਲਮ ਸਿੰਘ ਬੰਦ ਕਰ ਦੋਇ।
ਕਿਹਾ ਕਿ ਦਰਸ਼ਨ ਭੀ ਤੁਮ ਹੋਇ।
ਕਿਹਾ ਗੁਰੂ ਹਮ ਭੀ ਰਖਹਿ ਹਿਰਦੇ ਭਾਵਨੀ ਜੋਇ।
ਸ੍ਰੀ ਅੰਮ੍ਰਿਤਸਰ ਪਹੁਚਬੇ ਰਾਮ ਸਰੋਵਰ ਜੋਇ।
ਬੇਰ ਗਿਆਰਵੀਂ ਹਮ ਚਲ ਆਵਹਿ।
ਤਿਸ ਤੇ ਕੋਇ ਨ ਹਮ ਲਖ ਪਾਵਹਿ।
ਪੰਥ ਖਾਲਸਾ ਖੇਤੀ ਮੇਰੀ।
ਕਰਹੂੰ ਸੰਭਾਲਨ ਮੈਂ ਤਿਸ ਬੇਰੀ।

[ਗੁਰ ਪ੍ਰਤਾਪ ਸੂਰਜ]

ਸ੍ਰੀ ਹਜ਼ਰੋਂ ਵਿਖੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦੇਕੇ ਗੁਰਤਾ ਅਰਪਨ ਕੀਤੀ।

ਬਾਲਕ ਮ੍ਰਿਗੇਸ਼ ਤੇ ਵਸ਼ੇਸ਼ ਉਪਦੇਸ ਨਾਮ,
ਯਦੀ ਨਰ ਨਾਰੀਲੈ ਅਪਾਰੀਭਵ ਤੈਤਰੇ।
ਔਰ ਇਲਹਾਮ ਕਰਤਾਰ ਕਈ ਬਾਰ ਦਯੋ,
ਨਾਮ ਦੈ ਉਧਾਰ ਕਰ ਜੀਵਨ ਕਾ ਤੂੰ ਖਰੇ।
ਐਪੈਗੁਰ ਦਸਮ ਦਰਸ ਦੈ ਜੋ ਕਹਿਓਤਾਂਹਿ,
ਮੇਰੋ ਅਵਤਾਰ ਅੰਸ ਰਾਮ ਸਿੰਘ ਹੈ ਭਰੇ।
ਯਾਂਹਿ ਹੇਤ ਤਾਂਹਿਨਾਂਹਿਔਰਕਾਹਿਂਮਾਂਹਿਂਨਿਜ
ਸਕਿਤ ਰਖਾਈ ਗੁਰ ਵਾਕ ਦਿਢ ਬੇ ਧਰੇ।

ਸਤਿਗੁਰੂ ਦਸ਼ਮੇਸ਼ ਜੀਨੇ ਖਾਲਸਾ ਜੀ ਨੂੰ ਗੱਜ ਵਜਕੇ ਆਖਿਆ ਸੀ ਕਿ:—

ਰਾਮ ਸਿੰਘ ਮੇਰੋ ਹੋਏ ਨਾਮਾ।
ਬਾਢੀ ਸੁਤ ਭੈਣੀ ਕੋ ਧਾਮਾ।
ਤਿਸ ਮਹਿ ਰਾਮ ਸਿੰਘ ਮਮਸਰ।
ਦੇਸ ਮਾਲਵੇ ਮਹਿ ਅਵਤਾਰਾ।

ਆਦਿ ਬਚਨਾ ਅਨਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਾਦੁਭਾਵ ਹੋਯਾ। ਆਪ ਜੀਨੇ ਮੁੜ ਧਰਮ ਪ੍ਰਚਾਰ ਸ਼ੁਰੂ ਕੀਤਾ। ਸ੍ਰੀਦਸ-ਮੇਸ਼ ਜੀ ਦੀ ਅਲੋਪ ਹੋਈ ਹੋਈ ਮਰਯਾਦਾ ਨੂੰ ਨਾਮਰੂਪਜਲਦੇਕੇਪੁਨਰ ਸੁਰਜੀਤਕੀਤਾ।ਨਾਮ ਤੇ ਬਾਨੀ ਦਾ ਅਜੇਹਾ ਪ੍ਰਵਾਹ ਚਲਾਯਾ, ਕਿਅਠ

ਪਹਿਰ ਨਾਮ ਅਭਯਾਸ ਵਿਚ ਹੀ ਗੁਜ਼ਾਰਨ ਦੀ ਤਾਕੀਦ ਸਿਖਾਂ ਪ੍ਰਤੀ ਕੀਤੀ। ਉਨ੍ਹੀਂ ਦਿਨੀ ਗ੍ਰੰਥ ਸਾਹਿਬ ਦਾ ਪਰਚਾਰ ਉਕਾ ਹੀ ਨਹੀ ਸੀ ਰਹਿ ਗਿਆ। ਆਪ ਪਿੰਡਾਂ ਵਿਚ ਜਾਂਦੇ ਅਤੇ ਧਰਮ-ਸਾਲਾਂ ਵਿਚ ਜਾਕੇ ਆਪਨੀ ਹਥੀਂ ਝਾੜੂ ਦੇਕੇ ਪੋਚਾ ਫੇਰ ਤੇ ਰੁਮਾਲ, ਮੰਜੀ ਸਾਹਿਬ ਧੋਕੇ ਗ੍ਰੰਥ ਸਾਹਿਬ ਦੀ ਸੇਵਾ ਕਰਕੇ, ਘਟਾ ਆਦਿ ਝਾੜਕੇ ਪਿੰਡ ਦੇ ਲੋਕਾਂ ਨੂੰ ਕਠੇ ਕਰਕੇ ਆਖਣਾ ਕਿ 'ਭਾਈ ਕਿਉਂ ਪ੍ਰਮਾਤਮਾਂ ਤੋਂ ਬੇਮੁਖ ਹੋਕੇ ਆਪਣੇ ਇਸ਼ਟ ਨੂੰ ਛਡੀ ਬੈਠੇ ਹੋ ? ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਪਣੀ ਅਪਾਰ ਕ੍ਰਿਪਾ ਦੁਆਰਾ ਗੁਰਬਾਣੀ ਦਾ ਸਮੁੰਦ੍ਰ ਰਚਿਆ ਹੈ ਅਤੇ ਏਸ ਵਿਚ ਥਾਂ ਥਾਂ ਭਜਨ ਦੀ ਮਹਿਮਾ ਲਿਖੀ ਹੋਈ ਹੈ। ਆਓ ਭਜਨ ਪੁਛਕੇ ਆਪਣਾ ਜਨਮ ਸੁਫਲਾ ਕਰੋ।' ਆਪਦੇ ਉਪਦੇਸ਼ ਅਤੇ ਦ੍ਰਿਸ਼ਨ ਵਿਚ ਕੋਈ ਅਜੇਹੀ ਸ਼ਕਤੀ ਸੀ ਕਿ ਜੇਹੜਾ ਪਾਮਰ ਤੋਂ ਪਾਮਰ ਪੁਰਸ਼ ਇਕ ਵਾਰੀ ਆਪ ਦੇ ਸਨਮੁਖ ਆ ਜਾਂਦਾ ਭਜਨ ਪੁਛੇ ਬਿਨਾਂ ਨਹੀਂ ਸੀ ਰਹਿ ਸਕਦਾ ਪਿੰਡਾਂ ਦੇ ਪਿੰਡ ਸਿੰਘ ਸਜ ਗਏ। ਜਿਥੇ ਕੋਈ ਗੁਰਬਾਣੀ

ਨੂੰ ਜਾਣਦਾ ਨਹੀਂ ਸੀ, ਓਥੇ ਦਿਨੇ ਰਾਤ ਗੁਰ ਬਾਣੀ ਦੀ ਧਨੀ ਹੋਣ ਲਗ ਪਈ ਸੀ। ਮੇਰਾ ਇਹ ਵਿਸ਼ਵਾਸ ਹੈ ਕਿ ਗੁਰ ਗੋਬਿੰਦ ਸਿੰਘ ਜੀ ਦੇ ਪਿਛੋਂ ਜੇਹੜਾ ਹਾਲ ਸਿੰਘ-ਧਰਮ ਦਾ ਹੋਯਾ ਸੀ ਜਿਸਨੂੰ ਉਤੇ ਚੰਗੀ ਤਰਾਂ ਦਿਖਾ ਦਿਤਾ ਹੈ, ਜੇ ਸਤਿਗੁਰੂ ਰਾਮ ਸਿੰਘ ਜੀ ਆਕੇ ਮੁੜ ਏਸਦੀ ਬਾਂਹ ਨਾ ਫੜਦੇ ਤਾ ਅਜ ਨੂੰ ਸਾਰਾ ਭਾਰਤ ਵਰਸ਼ ਈਸਾਈ ਹੋਯਾ ਨਜ਼ਰ ਔਂਦਾ। ਆਪਦਾ ਜਸ ਸੁਣਕ ਦੂਰੋਂ ਦੂਰੋਂ ਸੰਗਤਾਂ ਦਰਸ਼ਨ ਲਈ ਔਣ ਲਗੀਆਂ। ਥੋੜੇ ਚਿਰ ਵਿਚ ਹੀ ੭-੮ ਲਖ ਨਾਮਧਾਰੀ ਸਜ ਗਏ। ਆਂਪ ਜੀ ਦੀ ਰਹਿਤ ਬੜੀ ਕਠਿਨ ਹੈ। ਆਪ ਨੇ ਖਾਲਸਾ ਜੀ ਵਾਸਤੇ ਇਕ ਅਜੇਹਾ ਕਾਰਯ ਕਰਮ ਬਨਾਯਾ ਸੀ, ਜਿਸ ਵਿਚ ਦਿਨ ਅਤੇ ਰਾਤ ਦਾ ਬਹੁਤ ਸਾਰਾ ਹਿਸਾ ਈਸ਼੍ਵਰ ਦੀ ਉਪਾਸ਼ਨਾ ਵਿਚ ਹੀ ਬਤੀਤ ਹੋਵੇ ਆਪ ਨੇ ਇਕ ਹੁਕਮ (ਰਹਿਤ ਨਾਮਾ) ਸ੍ਰੀ ਭੈਣੀ ਸਾਹਿਬ ਤੋਂ ਭੇਜਿਆ ਸੀ, ਜਿਸ ਵਿਚ ਨਿਮਨ ਲਿਖਤ ਹੁਕਮ ਦਿਤਾ ਹੈ 'ਪਹਿਰ ਰਾਤ ਰਹਿੰਦੀ ਤੇ ਉਠਣਾ ਜੰਗਲ ਜਾਣ ਸਮੇ ਜਲਦਾ ਗੜਵਾ ਨਾਲ ਲਿ-

ਜਾਣਾ ਦੋ ਵਾਰੀ ਮਾਂਜਣਾ, ਸ਼ੁਧ ਤੇ ਪਵਿਤ੍ਰ ਅਸ
ਥਾਨ ਤੋਂ ਮਿਟੀ ਲੈਕੇ ਪੰਜਵਾਰੀ ਅਰਕਾਂਤਾਈਂ
ਹਥ ਮਾਂਜਨੇ ਅਤੇ ਪੈਰ ਭੀ ਮਿਟੀਨਾਲਮਾਂਜਨੇ
ਦਾਤਨ ਕਰਨੀ ਫੇਰ ਅਸ਼ਨਾਨ ਕਰਨਾ ਸਨੇ
ਕੇਸੀਂ, ਬਾਣੀ ਪੜ੍ਹਨੀ, ਜੇ ਕੰਠ ਨਾ ਹੋਵੇ
ਤਾਂ ਕੰਠ ਕਰਨੀ ।

ਜਪੁ, ਜਾਪ, ਦੋਹਾਂ ਦੇ ਹਜਾਰੇ, ਰਹਿਰਾਸ,
ਆਰਤੀ ਸੋਹਿਲਾ, ਏਤਨੀ ਬਾਣੀ ਜਰੂਰ ਕੰਠ
ਕਰਨੀ।ਅਸ਼ਨਾਨਕਰੇਤੋਂ ਬਿਨਾਂ ਪ੍ਰਸਾਦ ਨਹੀਂ
ਛਕਣਾ । ਪ੍ਰਾਈ ਧੀ ਭੈਣ ਆਪਣੀ ਜਾਨਣੀ।
ਪ੍ਰਾਯਾ ਹਕ ਸੂਰ ਅਤੇ ਗਊ ਦੇ ਤੁਲ ਸਮਝਣਾ
ਧੀ ਭੈਣ ਦਾ ਪੈਸਾ ਨਹੀਂ ਲੈਣਾ, ਬੱਟਾ ਨਹੀਂ
ਕਰਨਾ, ਮਾਸ, ਸ਼ਰਾਬ ਨਹੀਂ ਛਕਣਾ, ਬਲਦ
ਖਸੀ ਨਹੀਂ ਕਰਨਾ, ਬੋਲ ਕਬੋਲ ਸਭਦਾਸੈਹ
ਜਾਣਾ, ਪੰਦ੍ਰਾਂ ਸੋਲਾਂ ਬਰਸਾਂ ਤੋਂ ਘਟ ਕੁੜੀ ਦਾ
ਵਿਆਹਨਹੀਂਕਰਨਾਅਠੇ ਪੈਹਰਭਜਨਕਰਨਾ।

ਜਪੁ, ਜਾਪੁ, ਹਜਾਰੇ, ਰਹਿਰਾਸ, ਸੁਖਮਨੀ
ਆਸਾ ਦੀ ਵਾਰ, ਕੀਰਤਨ ਸੋਹਿਲਾ, ਅਕਾਲ
ਉਸਤਤ, ਉਗ੍ਰਦੰਤੀ, ਚੰਡੀਦੀ ਵਾਰ ਦਾ ਪਾਠ
ਸੂਰਜ ਚੜ੍ਹਨਤੋਂ ਪਹਿਲਾਂ ਅਰੰਭ ਕਰਨਾ ਅਤੇ

ਸੂਰਜ ਦੀ ਟਿੱਕੀਨਾਲਭੋਗ ਪਾ ਦੇਨਾ।ਅਰੰਭ ਅਤੇ ਸਮਾਪਤੀ ਸਮੇਂ ਅਰਦਾਸ ਕਰਨੀ:-

ਹੇ ਸ਼ਕਤੀ ਮਾਤਾ, ਮੇਰੇ ਅੰਦ੍ਰ ਜੋ ਆਸੁਰੀ ਸੰਪਦਾਦੇ ਗੁਣ ਹਨ, ਏਹਨਾਂ ਦਾ ਨਾਸ ਕਰੀਂ ਅਤੇ ਖ਼ੋਟੇ ਸੁਭਾਵਵਾਲੇ ਜੋ ਜੀਵ ਹਨ,ਏਨ੍ਹਾਂ ਨੂੰ ਸੁਮੱਤ ਬਖਸ਼ੀਂ। ਹੇਜਗਦੰਬਾ ! ਮਹਾਂ ਮਲੇਛ ਦਾ ਨਾਸ ਕਰੀਂ। ਗਊ ਗ੍ਰੀਬ ਦੀ ਰਖਿਆ ਕਰੀਂ। ਆਪਣੇ ਸੰਤਖਾਲਸੇਦਾ ਪ੍ਰਕਾਸ ਕਰੀ। ਇਤਆਦਿਕ ਬੇਨਤੀ ਕਰਨੀ। ਹੋਰ ਪਾਠ ਭਾਵੇਂ ਅਗੇ ਪਿਛੇ ਹੋਜਾਇ ਪਰ ਚੰਡੀ ਦੀ ਵਾਰ ਦਾ ਸੂਰਜ ਦੀ ਟਿੱਕੀ ਨਾਲ ਭੋਗ ਪਾ ਦੇਣਾ, ਅਤੇ ਹਰਸਮੇਂ ਗੁਰੂਜੀ ਤੋਂ ਏਹ ਮੰਗ ਮੰਗਣੀ ਕਦੇ ਬੋਲਕੇ ਕਦੀ ਅੰਦ੍ਰਹੀ, ਕਿ ਹੇ ਗੁਰੂ ਜੀ ਅਸੀਂ ਪਾਪੀ ਅਪਰਾਧੀ ਜੀਉ ਹਾਂ।ਤੇਰਾਪਤਿਤ ਪਾਵਨ ਬਿਰਦਸੁਣਕੇ ਤੇਰੇ ਬੂਹੇ ਆਇ ਡਿਗੇ ਹਾਂ, ਸਾਨੂੰ ਆਪਣੀ ਕ੍ਰਿਪਾ ਕਰਕੇ ਗੁਰਮਤਿ ਦਾ ਖੈਰ ਪਾਉ, ਅਰ ਮਨੁਖਾਂ ਦਾ ਮੇਲਾ ਜਿਥੇ ਹੋਵੇ ਤਾਂ ਗੁਰਮੁਖਾਂਦਾ ਮੇਲਾ ਹੋਵੇ। ਮਨਮੁਖਾਂਦੀ ਸੰਗਤਤੋਂ ਰਖ ਲਈਂ। ਮਹਾਰਾਜ ਜਿਥੇ ਮੇਰਾ ਜੀਉ ਜਾਵੇ, ਤਿਥੇ ਰਖਯਾ ਕਰੀਂ, ਅਰ ਹੇ

ਗੁਰੂ ਮਹਾਰਾਜ ਜੋ ਤੈਂ ਗੁਰੂ ਰੂਪ ਧਾਰਕੇਹੁਕਮ ਦਿਤਾ ਹੈ ਗ੍ਰੰਥ ਸਾਹਿਬ ਮੈਂਸੋ ਆਪਣਾ ਹੁਕਮ ਸਦਾ ਲਈ ਮਨਾਈਂ। ਆਪਣੇਹੁਕਮਤੇਪ੍ਰਤੀਤ ਦਾ ਦਾਨ ਦਈਂ। ਦੂਜੇ ਭ੍ਰਾਇਤੋਂ ਰਖ ਲਈਂ, ਤੇਰਿਆਂ ਚਰਨਾਂਤੋਂ ਬਿਨਾਂ ਮੇਰੀ ਦੂਜੇ ਥਾਂ ਕਦੇ ਪ੍ਰੀਤ ਨਾ ਹੋਵੇ। ਹੇ ਮਹਾਰਾਜ ਸ੍ਵਾਸ ੨ ਤੇਰਾ ਨਾਮ ਚਿਤ ਆਵੈਨਾ ਦੁਖਵਿਚਵਿਸਰੀਨਾ ਸੁਖ ਵਿਚ ਵਿਸਰੀਂ, ਸਦਾ ਈ ਮੇਰੇ ਹਿਰਦੇ ਵਸੀਂ। ਬਿਨਾ ਤੇਰੇ ਨਾਮ ਤੋਂ ਕਿਸੇ ਪਦਾਰਥ ਦੀ ਭੁਖ ਨਾ ਰਹੇ। ਆਪਦੇ ਦਿਤੇ ਉਤੇ ਸੰਤੋਖ ਦਾ ਦਾਨ ਬਖਸੀਂ।ਇਹ ਮੰਗ ਮੰਗਣੀ ਸਾਰੇ ਕਾਰਜਰਾਸ ਹੋਣਗੇ। ਚੰਡੀ ਦੀ ਵਾਰ ਜਰੂਰ ਪੜ੍ਹਨੀ ਬੜਾ ਮਹਾਤਮ ਲਿਖਿਆ ਹੈ ਗੁਰੂ ਜੀਨੇ। ਜੰਗਲ ਹੋਣ ਤੇ ਪਹਿਲੇ ਟੋਆ ਪੁਟ ਲੈਣਾ, ਜੰਗਲ ਹੋਕੇ ਮਿਟੀ ਪਾ ਦੇਣੀ। ਸਤਿਗੁਰਾਂ ਦਾ ਹੁਕਮ ਹੈ ਜੰਗਲ ਵਲ ਦੇਖਣਾ ਨਹੀਂ, ਮਤ ਮਾਰੀ ਜਾਂਦੀ ਹੈ। ਰਹਿਤ ਮਰਯਾਦਾ ਸਭ ਨੇ ਰਖਣੀ, ਗੁਰੂ ਗੋਬਿੰਦ ਸਿੰਘ ਜੀਦਾ ਆਦ੍ਰਸ਼ ਉਪਰ ਭਲੀ ਪ੍ਰਕਾਰ ਲਿਖ ਆਏ ਹਾਂ ਓਸੇ ਦੀਪੂਰਤੀ ਗੁਰੂ ਜੀ ਨੇ ਕੀਤੀ ਜੈਸਾ ਕਿ 'ਸੰਕੋ ਰਹਿਤ

ਨਾ ਜਾਣੀਐ ਗੁਰ ਮੰਤ੍ਰ ਨਹੀਂ ਰੀਤ । ਤਾਕਾ ਭੋਜਨ ਖਾਇਕੈ ਵਿਸਰੈ ਹਰਿ ਕੀ ਪ੍ਰੀਤ ।'

ਪੁਨਹ—

'ਜਹਾਂ ਕਹਾਂ ਕਾ ਛਕੈ ਪ੍ਰਸਾਦਿ ।
ਸਿਖ ਨਹੀਂ ਮੇਰਾ ਆਦਿ ਜੁਗਾਦਿ ।'

ਪਾਠਕਾਂ ਨੂੰ ਏਹ ਤੇ ਨਿਸਚੇ ਹੋਹੀ ਚੁਕਾਹੈ ਜੋ ਇਸ ਕਲੂ ਕਾਲ ਮਹਾਂ ਬਿਕਰਾਲ ਵਿਚ ਓਹੀ ਸਜਣ ਪਾਰ ਲਗ ਸਕਣਗੇ ਜੋ ਵਕਤਦੇ ਮਾਲਿਕ ਬਾਹਰਵੇਂ ਸਤਿਗੁਰੂ ਦੀ ਸਰਨਵਿਚ ਆਕੇ ਉਸਦੇ ਦਸੇ ਹੋਏ,ਯਗ, ਹਵਨ, ਆਦਿ ਸੁਕ੍ਰਿਤ ਕਰਮਾਂ ਦੇ ਧਾਰਨੀ ਹੋਣਗੇ ।

ਹਵਨ ਕਰਨ ਦੀ ਵਿਧੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਹਸਤ ਕਵਲਾਂ ਨਾਲ ਲਿਖੀਏ ਜੋ ਇਸ ਪੋਥੀ ਦੇ ਅਰੰਭਵਾਲੇ ਰਹਿਤ ਨਾਮੇ ਵਿਚ ਹੈ, ਪਰ ਮੈਂ ਏਥੇ ਕੇਵਲ ਏਹੀ ਦਸਣਾ ਹੈ ਜੋ ਹਵਨ ਦੀ ਸਮਗ੍ਰੀ ਵਿਚ ਕੀ ਕੀ ਚੀਜ ਪੈਂਦੀਏ । ਯਗ ਹਵਨ ਕਰਨ ਵੇਲੇ ੭ ਸਿੰਘ ਤਿਆਰ ਬਰ ਤਿਆਰ,ਬਾਣੀ ਦੇ ਨਿਤਨੇਮੀ,ਰਹਿਤ ਮਰਯਾਦਾ ਦੇ ਧਾਰਨੀ, ਸਣ ਕੇਸੀ ਅਸ਼ਨਾਨ ਕਰਨ । ਜੇ ਕਪ੍ਹਾਹੋ

ਬਸਤ੍ਰ ਹੋਣ ਤਾਂ ਉਨ੍ਹਾਂ ਨੂੰ ਵੀ ਧੋਣਾ ਜਰੂਰੀ ਹੈ, ਜੋ ਉਨਾਲੇ ਜਾਂ ਰੇਸ਼ਮ ਦੇ ਹੋਣ, ਤਾਂ ਬਿਨਾਂ ਧੋਤੇ ਹੀ ਪਰ ਨਿਰਮਲ ਹੋਣ ਤੇ ਵਰਤੋਂ ਵਿਚ ਆ ਸਕਦੇ ਹਨ ।

ਹਵਨ ਕਰਨ ਵਾਲੀ ਜਗਾ ਨੂੰ ਚੰਗੀ ਤਰਾਂ ਲਿੰਬ ਪੋਚ ਲੈਣਾ ਮਿਟੀ ਨਾਲ । ਉਸ ਮਿਟੀ ਵਿਚ ਗੋਹਾ ਨਹੀਂ ਪੌਣਾ । ਲਕੜਾਂ ਹਵਨ ਵਿਚ, ਬੇਰੀ ਪਲਾਹ ਜਾ ਚੰਨਣ ਦੀਆਂ ਪੌਣੀਆਂ । ਇਕ ਸਾਬਤ ਨਲੀਏਰ ਲੈਕੇ ਉਸ ਉਤੇ ਬਸਤ੍ਰ ਦੇਕੇ ਉਸ ਨੂੰ ਭਲੀ ਪ੍ਰਕਾਰ ਕਜਕੇ ਹਵਨ ਕੁੰਡ ਵਿਚ ਰਖ ਦੇਣਾ । ਹਵਨ ਦੀ ਅਗ ਨੂੰ ਫੂਕ ਨਹੀਂ ਮਾਰਨੀ । ਪਖੇ ਨਾਲ ਪ੍ਰਜ੍ਵਲਤ ਕਰਨੀ । ਹਵਨ ਦੀ ਸਮੱਗ੍ਰੀ ਏਹ ਹੈ । ਯਥਾ ਸ਼ਕਤੀ ਵਧ ਘਟ ਪਾਈ ਜਾ ਸਕਦੀ ਹੈ:—

੧ ਚੰਦਨ ਸੁਰਖ, ੨ ਚੰਦਨ ਸਪੈਦ, ੩ ਛੜ ੪ ਮੁਥ੍ਰਾ ੫ ਇੰਦ੍ਰ ਜੌਂ ੬ ਤ੍ਰੇਜ ਪਤ੍ਰ ੭ ਸੁਪਾਰੀ ੮ ਦਾਖ (ਮੇਵਾ) ੯ ਛੁਹਾਰੇ ੧੦ ਗਰੀ ਖੋਪਾ ੧੧ ਬਦਾਮ, ੧੨ ਗੁਗਲ, ੧੩ ਕੇਸਰ ੧੪ ਮੁਸ਼ਕ ਕਾਫੂਰ ੧੫ ਲੌਂਗ ੧੬ ਤਿਲ ੧੭ ਜੌਂ ਚੇਸੀ, ੧੮ ਕਸਤੂਰੀ ੧੯ ਸੰਧੂਰ ੨੦

ਲੱਚੀ ੨੧ ਘਿਓ, ੨੨ ਖੰਡ। ਬਸ ਧੂਪ ਤੇ ਹਵਨ ਦੀ ਸਮਗ੍ਰੀ ਵਿਚ ਏਹੀ ੨੨ ਚੀਜ਼ਾਂ ਪਾਣੀਆਂ।

ਵਿਸਥਾਰਅਗੇਹੀ ਬਹੁਤ ਜਿਆਦਾਹੋਚੁਕਾ ਹੈ। ਹੁਣ ਮੈਂ ਇਸ ਲੇਖ ਨੂੰ ਸਮਾਪਤ ਕਰਦਾ ਹੋਯਾ ਏਹ ਬੇਨਤੀ ਕਰਨੀ ਜਰੂਰੀ ਸਮਝਦਾ ਹਾਂ ਜੋ ਇਸ ਨਾਮਧਾਰੀਨਿਤਤੇਮ ਦੀਪਹਿਲੀ ਦੂਜੀ ਤੀਜੀਚੌਥੀਐਡੀਸ਼ਨਨਾਲੋਂਐਤਕੀਇਸ ਦੀਸੁਧਾਈ ਛਪਾਈ,ਸਫਾਈ ਦਾ ਸ੍ਰੀਮਾਨ ਸੰਤ ਬਲਵੰਤ ਸਿੰਘ ਜੀ ਨੇ ਖਾਸ ਤੌਰ ਤੇ ਉਦਮ ਕੀਤਾ ਹੈ। ਪੁਸਤਕ ਦੇ ਪ੍ਰਚਾਰ ਦਾ ਸਹਰਾ ਨਾਮਧਾਰੀ ਟ੍ਰੈਕਟ ਸੁਸਾਇਟੀ ਦੇ ਸਿਰ ਹੈ, ਜੋ ਹੁਣ ਜ਼ਰਾ ਕਮਜੋਰ ਹੋ ਗਈ ਹੈ। ਮੈ ਆਸ਼ਾ ਕਰਦਾ ਹਾਂ ਕਿ ਇਸਨੂੰ ਫੇਰ ਮਜਬੂਤ ਕੀਤਾ ਜਾਵੇਗਾ-ਅੰਤ ਨੂੰਮੈਂ ਸਤਿਗੁਰ ਸਚੇ ਪਾਤਸ਼ਾਹ ਦਾ ਧੰਨਵਾਦ ਕਰਕੇ ਇਸਨੂੰ ਸਮਾਪਤ ਕਰਦਾ ਹਾਂ।

ਇੰਦ੍ਰ ਸਿੰਘ ਸ੍ਰੀ ਭੈਣੀ ਸਾਹਿਬ
'ਚਕ੍ਰਵਰਤੀ' ਫਗਣ ੧੯੯੬